Sunday Samaj Weekly

Vol :15 : # 631: 16/11/2025 - 22/11/2025 www.samajweekly.com samajweekly @samajweekly

Punjabi, Hindi & English Newspaper- Uk&Eu Edition

HAPPY NATIONAL PRESS DAY

16 November

ਸਮਾਜ ਵੀਕਲੀ

ਲੁਧਿਆਣਾ ਵਿਚ ਡੀਆਰਆਈ ਦੀ ਕਾਰਵਾਈ, ਕਰੋੜਾਂ ਦਾ ਗਾਂਜਾ ਕੀਤਾ ਬਰਾਮਦ

ਜ਼ਬਤ ਹੋਏ ਗਾਂਜੇ ਦਾ ਭਾਰ 103 ਕਿਲੋ ਗਾਂਜਾ, 2 ਤਸਕਰ ਗ੍ਰਿਫ਼ਤਾਰ

ਲੁਧਿਆਣਾ। ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ), ਲੁਧਿਆਣਾ ਜ਼ੋਨਲ ਯੂਨਿਟ ਨੇ ਇਕ ਵੱਡੀ ਕਾਰਵਾਈ ਕਰਦੇ ਹੋਏ ਇੱਕ ਕਾਰ ਵਿੱਚੋਂ 103 ਕਿਲੋਗ੍ਰਾਮ ਗਾਂਜਾ ਜ਼ਬਤ ਕੀਤਾ ਹੈ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥ ਦੀ ਬਾਜ਼ਾਰ ਵਿਚ ਕੀਮਤ ਲਗਭਗ 31 ਲੱਖ ਦੱਸੀ ਜਾ ਰਹੀ ਹੈ। ਡੀਆਰਆਈ ਨੇ ਦੋ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਡੀਆਰਆਈ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਨਸ਼ੀਲੇ ਪਦਾਰਥਾਂ ਦੀ ਖੇਪ ਲੈ ਕੇ ਜਾ ਰਹੇ ਹਨ। ਸੂਤਰਾਂ ਤੋਂ ਮਿਲੀ ਸੂਚਨਾ 'ਤੇ ਕਾਰਵਾਈ ਕਰਦੇ ਹੋਏ, ਡੀਆਰਆਈ ਟੀਮ ਨੇ ਸਾਹਨੇਵਾਲ ਨੇੜੇ ਇਕ ਕਾਰ ਨੂੰ ਰੋਕਿਆ। ਟੀਮ ਪਹਿਲਾਂ ਹੀ ਇਲਾਕੇ ਦੀ ਨਿਗਰਾਨੀ ਕਰ ਰਹੀ ਸੀ। ਸ਼ੱਕ ਹੋਣ 'ਤੇ, ਕਾਰ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ ਅਤੇ ਇਸ ਵਿੱਚੋਂ ਵੱਡੀ ਮਾਤਰਾ ਵਿੱਚ ਭੰਗ ਬਰਾਮਦ ਹੋਈ। ਕਾਰ ਦੀ ਤਲਾਸ਼ੀ ਦੌਰਾਨ, ਟੀਮ ਨੂੰ ਖਾਕੀ ਰੰਗ ਦੇ ਪਲਾਸਟਿਕ ਟੇਪ ਵਿੱਚ ਲਪੇਟੇ ਹੋਏ 74 ਪੈਕੇਟ ਮਿਲੇ। ਡੀਆਰਆਈ ਅਧਿਕਾਰੀਆਂ ਦੇ ਅਨੁਸਾਰ, ਨਸ਼ਾ ਤਸਕਰ ਕਾਰ ਵਿੱਚ ਛੁਪਾਏ ਗਏ ਨਸ਼ੀਲੇ ਪਦਾਰਥ ਜਾਂ ਹੋਰ ਗੈਰ-ਕਾਨੂੰਨੀ ਸਮੱਗਰੀ ਲੈ ਜਾ ਰਹੇ ਹਨ। ਡੀਆਰਆਈ ਟੀਮ ਨੇ ਇਕ ਕਾਰ ਵਿਚ ਸਵਾਰ ਦੋ ਸ਼ੱਕੀਆਂ ਨੂੰ ਫੜਿਆ। ਕਾਰ

ਅਤੇ ਨਸ਼ੀਲੇ ਪਦਾਰਥ ਦੋਵੇਂ ਜ਼ਬਤ ਕਰ ਲਏ ਗਏ ਹਨ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਡੀਆਰਆਈ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਨਸ਼ੀਲੇ ਪਦਾਰਥ ਕਿੱਥੋਂ ਆ ਰਹੇ ਸਨ ਅਤੇ ਉਨ੍ਹਾਂ ਦਾ ਇਰਾਦਾ ਕਿੱਥੇ ਸਪਲਾਈ ਕਰਨਾ ਸੀ।

ਜੰਮੂ ਕਸ਼ਮੀਰ : ਪੁਲੀਸ ਸਟੇਸ਼ਨ ਵਿੱਚ ਵੱਡਾ ਧਮਾਕਾ, 9 ਦੀ ਮੌਤ

ਸ਼੍ਰੀਨਗਰ। ਕਸ਼ਮੀਰ ਦੇ ਸ਼੍ਰੀਨਗਰ ਦੇ ਨੌਗਾਮ ਪੁਲੀਸ ਸਟੇਸ਼ਨ ਤੇ ਬੀਤੀ ਰਾਤ ਇਕ ਵੱਡਾ ਧਮਾਕਾ ਹੋਇਆ। ਇਸ ਵਿਚ ਨੌਂ ਲੋਕ ਮਾਰੇ ਗਏ ਅਤੇ 29 ਜ਼ਖਮੀ ਹੋਏ। ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਜ਼ਖਮੀਆਂ ਵਿਚੋਂ ਜ਼ਿਆਦਾਤਰ ਪੁਲੀਸ ਕਰਮਚਾਰੀ ਹਨ ਅਤੇ 92 ਆਰਮੀ ਬੇਸ ਅਤੇ ਐਸ.ਕੇ.ਆਈ.ਐਮ.ਐਸ. ਸੌਰਾ ਹਸਪਤਾਲ ਵਿਚ ਇਲਾਜ ਅਧੀਨ ਹਨ।

ਅਧਿਕਾਰੀਆਂ ਦੇ ਅਨੁਸਾਰ ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਪੁਲੀਸ ਵ੍ਹਾਈਟ-ਕਾਲਰ ਅੱਤਵਾਦੀ ਮਾਡਿਊਲ ਮਾਮਲੇ ਦੇ ਸੰਬੰਧ ਵਿਚ ਜ਼ਬਤ ਕੀਤੇ ਗਏ ਵਿਸਫੋਟਕਾਂ ਦੇ ਨਮੂਨੇ ਇਕੱਠੇ ਕਰ ਰਹੀ ਸੀ। ਹਾਲਾਂਕਿ ਧਮਾਕੇ ਦੀ ਅੱਤਵਾਦੀ ਹਮਲੇ ਦੇ ਪੱਖ ਤੋਂ ਵੀ ਜਾਂਚ ਕੀਤੀ ਜਾ ਰਹੀ ਹੈ।

ਅਲ ਫਲਾਹ ਯੂਨੀਵਰਸਿਟੀ ਦੇ ਦੋ ਡਾਕਟਰਾਂ ਸਮੇਤ 3 ਵਿਅਕਤੀ ਹਿਰਾਸਤ ਵਿੱਚ

ਨਵੀਂ ਦਿੱਲੀ। ਦਿੱਲੀ ਲਾਲ ਕਿਲੇ ਨਜ਼ਦੀਕ ਹੋਏ ਧਮਾਕਿਆਂ ਦੇ ਸਬੰਧ ਵਿੱਚ ਚੱਲ ਰਹੀ ਜਾਂਚ ਦੇ ਮੱਦੇਨਜ਼ਰ ਦਿੱਲੀ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਨ੍ਹਾਂ ਵਿੱਚ ਹਰਿਆਣਾ ਦੀ ਅਲ ਫਲਾਹ ਯੂਨੀਵਰਸਿਟੀ ਦੇ ਦੋ ਡਾਕਟਰ ਵੀ ਸ਼ਾਮਲ ਹਨ, ਜੋ ਲਾਲ ਕਿਲ੍ਹੇ ਨੇੜੇ ਧਮਾਕਾ ਕਰਨ ਵਾਲੀ ਕਾਰ ਦੇ ਡਰਾਈਵਰ ਡਾ. ਉਮਰ ਨਬੀ ਦੇ ਜਾਣਕਾਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਬੀਤੀ ਰਾਤ ਦਿੱਲੀ ਪੁਲੀਸ ਦੇ ਸਪੈਸ਼ਲ ਸੈਲ ਅਤੇ ਕੇਂਦਰੀ ਏਜੰਸੀਆਂ ਵੱਲੋਂ ਹਰਿਆਣਾ ਦੇ ਧੌਜ, ਨੂਹ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਕੀਤੇ ਗਏ ਤਾਲਮੇਲ ਵਾਲੇ ਛਾਪਿਆਂ ਦੌਰਾਨ ਕੀਤੀਆਂ ਗਈਆਂ। ਸੂਤਰਾਂ ਅਨੁਸਾਰ ਕੌਮੀ ਜਾਂਚ ਏਜੰਸੀ ਦੀ ਟੀਮ ਦੀ ਮਦਦ ਨਾਲ ਸਪੈਸ਼ਲ ਸੈਲ ਨੇ ਨੂਹ ਤੋਂ ਅਲ ਫਲਾਹ ਯੂਨੀਵਰਸਿਟੀ ਦੇ ਦੋ ਡਾਕਟਰਾਂ – ਮੁਹੰਮਦ ਅਤੇ ਮੁਸਤਕੀਮ ਨੂੰ ਹਿਰਾਸਤ ਵਿੱਚ ਲਿਆ ਹੈ। ਸੂਤਰਾਂ ਨੇ ਦੱਸਿਆ ਕਿ ਕਥਿਤ ਤੌਰ ਤੇ ਇਹ ਦੋਵੇਂ ਡਾ. ਮੁਜ਼ੰਮਿਲ ਗਨਈ ਦੇ ਸੰਪਰਕ ਵਿੱਚ ਸਨ।

ਇਹ ਡਾ. ਉਮਰ ਨਬੀ ਦੇ ਵੀ ਕਰੀਬੀ ਦੋਸਤ ਸਨ। ਮੁੱਢਲੀ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਕਿ ਹਿਰਾਸਤ ਵਿੱਚ ਲਏ ਗਏ ਡਾਕਟਰਾਂ ਵਿੱਚੋਂ ਇੱਕ ਧਮਾਕੇ ਵਾਲੇ ਦਿਨ ਦਿੱਲੀ ਵਿੱਚ ਸੀ। ਉਨ੍ਹਾਂ ਦੱਸਿਆ ਕਿ ਉਹ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿਖੇ ਇੰਟਰਵਿਊ ਲਈ ਕੌਮੀ ਰਾਜਧਾਨੀ ਆਇਆ ਸੀ। ਉਨ੍ਹਾਂ ਅੱਗੇ ਕਿਹਾ ਕਿ ਡਾ. ਗਨਈ ਨਾਲ ਉਨ੍ਹਾਂ ਦੇ ਸਬੰਧਾਂ ਦੀ ਹੱਦ ਦਾ ਪਤਾ ਲਗਾਉਣ ਅਤੇ ਭੂਮਿਕਾ ਲਈ ਸੀ ਪੁੱਛਗਿੱਛ ਕੀਤੀ ਜਾ ਰਹੀ ਹੈ। ਨੂਹ ਵਿੱਚ ਇੱਕ ਹੋਰ ਕਾਰਵਾਈ ਵਿੱਚ ਜਾਂਚ ਏਜੰਸੀਆਂ ਨੇ ਇੱਕ ਵਿਅਕਤੀ, ਜਿਸ ਦੀ ਪਛਾਣ ਦਿਨੇਸ਼ ਉਰਫ਼ 'ਡੱਬੂ' ਵਜੋਂ ਹੋਈ ਹੈ, ਨੂੰ ਬਿਨਾਂ ਲਾਇਸੈਂਸ ਦੇ ਖਾਦਾਂ ਵੇਚਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਉਸ ਦੀਆਂ ਗਤੀਵਿਧੀਆਂ ਗੈਰ-ਕਾਨੂੰਨੀ ਵਪਾਰ ਤੋਂ ਅੱਗੇ ਵੀ ਵਧੀਆਂ ਸਨ। ਇਸ ਤੋਂ ਪਹਿਲਾਂ ਇਹ ਗੱਲ ਸਾਹਮਣੇ ਆਈ ਸੀ ਕਿ ਅਤਿਵਾਦੀ ਮਾਡਿਊਲ ਦੇ ਮੈਂਬਰਾਂ ਨੇ ਲਗਪਗ 26 ਲੱਖ ਰੁਪਏ ਇਕੱਠੇ ਕੀਤੇ ਸਨ ਅਤੇ ਐਨ ਪੀ ਕੇ ਖਾਦ ਖਰੀਦਣ ਤੇ 3 ਲੱਖ ਰੁਪਏ ਖਰਚ ਕੀਤੇ ਸਨ, ਜਿਸ ਦੀ ਵਰਤੋਂ ਆਈ.ਈ.ਡੀ. ਬਣਾਉਣ ਲਈ ਕੀਤੀ ਜਾਂਦੀ ਹੈ।

ਘਰ ਵਿੱਚ ਅੱਗ ਲੱਗਣ ਕਾਰਨ ਇੱਕ ਪਰਿਵਾਰ ਦੇ ਪੰਜ ਮੈਂਬਰ ਜ਼ਿੰਦਾ ਸੜੇ, 4 ਗੰਭੀਰ ਜ਼ਖਮੀ

ਮੁਜ਼ੱਫਰਪੁਰ। ਮੁਜ਼ੱਫਰਪੁਰ ਦੇ ਮੋਤੀਪੁਰ ਥਾਣਾ ਖੇਤਰ ਦੇ ਮੋਤੀਪੁਰ ਬਾਜ਼ਾਰ ਵਿੱਚ ਇੱਕ ਘਰ ਨੂੰ ਅੱਗ ਲੱਗ ਗਈ। ਇਸ ਹਾਦਸੇ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰ ਜ਼ਿੰਦਾ ਸੜ ਗਏ, ਜਿਨ੍ਹਾਂ ਦੀ ਮੌਤ ਹੋ ਗਈ ਹੈ। ਹਾਲਾਂਕਿ ਚਾਰ ਹੋਰ ਗੰਭੀਰ ਰੂਪ ਵਿੱਚ ਸੜ ਗਏ ਹਨ। ਸੂਚਨਾ ਮਿਲਣ ਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ ਤੇ ਪਹੁੰਚੀ ਅਤੇ ਅੱਗ ਤੇ ਕਾਬੂ ਪਾਇਆ। ਜ਼ਖਮੀਆਂ ਨੂੰ ਇਲਾਜ ਲਈ ਭੇਜਿਆ ਗਿਆ ਹੈ। ਬੀਤੀ ਦੇਰ ਰਾਤ ਲਾਲ ਬਾਬੂ ਗੁਪਤਾ ਦੇ ਘਰ ਵਿੱਚ ਅੱਗ ਲੱਗ ਗਈ, ਜਿਸ ਦੌਰਾਨ ਸਾਰੇ ਅੰਦਰ ਸੁੱਤੇ ਪਏ ਸਨ। ਸੂਚਨਾ ਮਿਲਣ ਤੇ ਮੋਤੀਪੁਰ ਪੁਲੀਸ ਮੌਕੇ ਤੇ ਪਹੁੰਚੀ ਅਤੇ ਜਾਂਚ ਕਰ ਰਹੀ ਹੈ। ਮ੍ਰਿਤਕਾਂ ਵਿੱਚ ਲਾਲਨ ਸ਼ਾਹ, ਉਸ ਦੀ ਮਾਂ, ਪਤਨੀ ਅਤੇ ਦੋ ਬੱਚੇ ਸ਼ਾਮਲ ਹਨ। 4 ਜ਼ਖਮੀਆਂ ਨੂੰ ਨੇੜਲੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਡਿਪਟੀ ਸੁਪਰਡੈਂਟ ਆਫ ਪੁਲੀਸ ਸੁਚਿਤਰਾ ਕੁਮਾਰੀ ਨੇ ਕਿਹਾ ਕਿ ਇਹ ਘਟਨਾ ਮੋਤੀਪੁਰ ਇਲਾਕੇ ਦੇ ਵਾਰਡ ਨੰਬਰ 13 ਵਿੱਚ ਬੀਤੀ ਅੱਧੀ ਰਾਤ ਦੇ ਕਰੀਬ ਵਾਪਰੀ। ਸ਼ਾਰਟ ਸਰਕਟ ਕਾਰਨ ਲੱਗੀ ਅੱਗ ਇਮਾਰਤ ਦੀ ਤੀਜੀ

ਮੰਜ਼ਿਲ ਨੂੰ ਆਪਣੀ ਲਪੇਟ ਵਿੱਚ ਲੈ ਗਈ ਜਦੋਂ ਲੋਕ ਸੁੱਤੇ ਪਏ ਸਨ। ਉਨ੍ਹਾਂ ਅੱਗੇ ਕਿਹਾ ਕਿ ਅੱਗ ਬੁਝਾਊ ਗੱਡੀਆਂ ਮੌਕੇ ਤੇ ਪਹੁੰਚੀਆਂ ਅਤੇ ਅੱਗ ਤੇ ਕਾਬੂ ਪਾਇਆ। ਪੰਜ ਲੋਕਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ 4 ਗੰਭੀਰ ਰੂਪ ਵਿੱਚ ਸੜ ਗਏ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਸ਼ੁਰੂ ਵਿੱਚ, ਅੱਗ ਦੀਆਂ ਲਪਟਾਂ ਦੇਖ ਕੇ ਅਤੇ ਉੱਚੀ ਚੀਕਾਂ ਸੁਣ ਕੇ ਸਥਾਨਕ ਲੋਕ ਮੌਕੇ ਤੇ ਪਹੁੰਚੇ ਪਰ ਕੁਝ ਨਹੀਂ ਕਰ ਸਕੇ। ਉਨ੍ਹਾਂ ਨੇ ਫਾਇਰ ਕੰਟਰੋਲ ਰੂਮ ਅਤੇ ਸਥਾਨਕ ਪੁਲੀਸ ਨੂੰ ਸੂਚਿਤ ਕੀਤਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਪੰਜਾਬ ਤੇ ਮੱਧ ਪ੍ਰਦੇਸ਼ ਦੀ ਪੁਲਿਸ ਨੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫ਼ਾਸ਼

9 ਪਿਸਤੌਲਾਂ ਸਮੇਤ ਇਕ ਵਿਅਕਤੀ ਨੂੰ ਕੀਤਾ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵਿਸ਼ੇਸ਼ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਮੱਧ ਪ੍ਰਦੇਸ਼ (ਐਮਪੀ) ਅਧਾਰਿਤ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਸੰਚਾਲਕ ਨੂੰ ਨੌਂ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਮਿੱਥ ਕੇ ਕਤਲ ਦੀ ਵਾਰਦਾਤ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਅਰੁਣ ਸਿੰਘ ਵਾਸੀ ਪਿੰਡ ਨੌਸ਼ਹਿਰਾ ਪੰਨੂਆਂ, ਤਰਨ ਤਾਰਨ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਸੱਤ .32 ਬੋਰ ਦੇ ਪਿਸਤੌਲਾਂ ਅਤੇ ਦੋ .30 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਪੰਜ ਜ਼ਿੰਦਾ ਕਾਰਤੂਸ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਥਿਆਰ ਖੇਤਰ ਵਿੱਚ ਅੰਤਰ- ਗਿਰੋਹ ਦੁਸ਼ਮਣੀ ਦੇ ਚਲਦਿਆਂ ਮਿੱਥ ਕੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਖਰੀਦੇ ਗਏ ਸਨ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਖੁਲਾਸਾ ਹੋਇਆ ਹੈ ਕਿ ਦੋਸ਼ੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਮੱਧ ਪ੍ਰਦੇਸ਼ ਦੇ ਗੈਰ-ਕਾਨੂੰਨੀ ਹਥਿਆਰ ਸਪਲਾਇਰਾਂ ਦੇ ਸੰਪਰਕ ਵਿੱਚ ਸੀ ਅਤੇ ਪੰਜਾਬ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਲਈ ਅਪਰਾਧੀਆਂ ਨੂੰ ਹਥਿਆਰ ਸਪਲਾਈ ਕਰਨ ਵਿੱਚ ਮਦਦ ਕਰ ਰਿਹਾ ਸੀ। ਇਸ ਆਪਰੇਸ਼ਨ ਬਾਰੇ ਜਾਣਕਾਰੀ

ਦਿੰਦਿਆਂ ਉਨ੍ਹਾਂ ਦੱਸਿਆ ਕਿ ਸੀਆਈ ਅੰਮ੍ਰਿਤਸਰ ਨੂੰ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਇੱਕ ਵੱਡੀ ਖੇਪ ਮਿਲਣ ਬਾਰੇ ਵਿਸ਼ੇਸ਼ ਖੁਫੀਆ ਜਾਣਕਾਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ, ਸੀਆਈ-ਅੰਮ੍ਰਿਤਸਰ ਦੀ ਪੁਲਿਸ ਟੀਮ ਨੇ ਪਿੰਡ ਘਨੂਪੁਰ ਕਾਲੇ ਨਜਦੀਕ ਬਾਈਪਾਸ ਰੋਡ 'ਤੇ ਸਥਿਤ ਐਚਪੀ ਪੈਟਰੋਲ ਪੰਪ ਨੇੜੇ ਸ਼ੱਕੀ ਨੂੰ ਰੋਕਿਆ ਅਤੇ ਉਸਦੇ ਕਬਜ਼ੇ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਦਾ ਜ਼ਖੀਰਾ ਬਰਾਮਦ ਕੀਤਾ। ਡੀਜੀਪੀ ਨੇ ਦੱਸਿਆ ਕਿ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਕਾਰਕੁਨਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ, ਐਫਆਈਆਰ ਨੰਬਰ 68 ਮਿਤੀ 15-11-2025 ਨੂੰ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ 25(1)(ਏ) ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਦਰਜ ਕੀਤੀ ਗਈ ਹੈ।

ਡੇਰਾ ਬਾਬਾ ਨਾਨਕ ਨੇੜੇ ਖੇਤਾਂ ਵਿਚੋਂ 10 ਕਿਲੋ ਹੈਰੋਇਨ ਤੇ ਅਸਲੇ ਸਣੇ ਇਕ ਕਾਬੂ

ਬਟਾਲਾ। ਪੁਲਿਸ ਵਲੋਂ ਬੀਐਸਐਫ ਦੇ ਨਾਲ ਚਲਾਏ ਸਾਂਝੇ ਸਰਚ ਅਭਿਆਨ ਦੌਰਾਨ ਡੇਰਾ ਬਾਬਾ ਨਾਨਕ ਨਜ਼ਦੀਕ ਖੇਤਾਂ ਵਿਚੋਂ 10 ਕਿਲੋ ਹੈਰੋਇਨ ਤੇ ਅਸਲੇ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਕਰਨਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਭੱਲਾ ਕਲੋਨੀ ਅੰਮ੍ਰਿਤਸਰ ਵਜੋਂ ਹੋਈ ਹੈ। ਇਸ ਸੰਬੰਧੀ ਡੇਰਾ ਬਾਬਾ ਨਾਨਕ ਦੇ ਡੀਐਸਪੀ ਜੋਗਾ ਸਿੰਘ ਨੇ ਕਿਹਾ ਕਿ ਪੁਲਿਸ ਅਤੇ ਬੀਐਸਐਫ ਦੀ 113 ਬਟਾਲੀਅਨ ਵਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਪੱਖੋਕੇ ਨੇੜੇ ਸਰਚ ਆਪ੍ਰੇਸ਼ਨ ਚਲਾਇਆ ਸੀ, ਜਿਸ ਦੌਰਾਨ ਇਕ ਨੌਜਵਾਨ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ੱਕ ਦੌਰਾਨ ਉਕਤ ਨੌਜਵਾਨ ਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਇਕ ਪਿਸਤੌਲ ਸਮੇਤ ਮੈਗਜ਼ੀਨ ਅਤੇ ਇਕ ਜ਼ਿੰਦਾ ਰੌਂਦ, ਇਕ ਮੋਬਾਇਲ ਫੋਨ, 4210 ਰੁਪਏ ਭਾਰਤੀ ਕਰੰਸੀ ਡਰੱਗ ਮਨੀ ਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਦੀ ਨਿਸ਼ਾਨਦੇਹੀ 'ਤੇ ਖੇਤਾਂ ਵਿਚ ਸਰਚ ਕਰਨ 'ਤੇ 10 ਕਿਲੋ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਖੇਪ ਉਕਤ ਵਿਅਕਤੀ ਵਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ ਸੀ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਬੱਢਲ ਵਿਖੇ ਕੈਬਨਿਟ ਮੰਤਰੀ ਬੈਂਸ ਨੇ ਰੱਖਿਆ ਪੁਲੀ ਦਾ ਨੀਂਹ ਪੱਥਰ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਨੇੜਲੇ ਪਿੰਡ ਬੱਢਲ ਹੇਠਲਾ ਦੀ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੁਲੀ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਬੋਲਦਿਆ ਕਿਹਾ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਸ਼ੁਰੂ ਹੋ ਚੁੱਕੇ ਹਨ। ਅਤੇ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸਹਿਰਾਂ ਦੀ ਤਰਜ ਤੇ ਵਿਕਾਸ ਕਰਾਂਗੇ। ਤਾਂ ਜ਼ੋ ਵਿਕਾਸ ਦੀ ਨਵੀਂ ਇਬਾਰਤ ਲਿਖੀ ਜਾ

ਸਕੇ। ਇਸ ਤੋਂ ਪਹਿਲਾਂ ਪਿੰਡ ਦੀ ਸਰਪੰਚ ਹਰਪ੍ਰੀਤ ਕੌਰ ਅਤੇ ਪ੍ਰਿਤਪਾਲ ਸਿੰਘ ਕੁਨਰ ਵਲੋਂ ਸਾਰੀਆਂ ਸਖਸੀਅਤਾਂ ਨੂੰ ਜ਼ੀ ਆਇਆ ਕਿਹਾ ਗਿਆ। ਇਸ ਮੌਕੇ ਭਗਤ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਦੇ ਚੇਅਰਮੈਨ ਡਾ. ਸੰਜੀਵ ਗੌਤਮ, ਸੋਹਣ ਸਿੰਘ ਨਿੱਕੂਵਾਲ, ਡਾ. ਅਜਮੇਰ ਸਿੰਘ ਕੁਨਰ, ਸੋਨੀ ਸੈਣੀ, ਸਰਪੰਚ ਜਰਨੈਲ ਸਿੰਘ ਮੀਢਵਾਂ, ਕੇਸ਼ਰ ਸਿੰਘ ਰਾਮ ਲਾਲ, ਗੁਰਮੀਤ ਸਿੰਘ, ਇਕਬਾਲ ਸਿੰਘ, ਕਰਮ ਸਿੰਘ, ਰਣਬੀਰ ਸਿੰਘ, ਤਰਲੋਚਨ ਸਿੰਘ, ਗਿਆਨ ਸਿੰਘ, ਸਵਰਨ ਸਿੰਘ ਦਿਆਲ ਸਿੰਘ, ਚੂਹੜ ਸਿੰਘ, ਕੁਲਵੀਰ ਸਿੰਘ, ਜ਼ੋਗਿੰਦਰ ਸਿੰਘ, ਹਰਮਨਜੀਤ ਸਿੰਘ, ਚਰਨਜੀਤ ਸਿੰਘ, ਨਵਜੋਤ ਸਿੰਘ, ਪਰਮਜੀਤ ਆਦਿ ਹਾਜਰ ਸਨ। ਬੱਢਲ ਹੇਠਲਾ ਵਿਖੇ ਪੁਲੀ ਦਾ ਨੀਂਹ ਪੱਥਰ ਰੱਖਦੇ ਹੋਏ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ।

ਮਾਲਵੇ ਦਾ ਬਾਦਸ਼ਾਹ ਪ੍ਰਮੋਟਰ ਮੇਜਰ ਸਿੰਘ ਬਰਾੜ ਭਲੂਰ

ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਅੱਜ ਗੱਲ ਕਰਦੇ ਹਾਂ ਸਰਦਾਰ ਮੇਜਰ ਸਿੰਘ ਬਰਾੜ ਜੀ ਜਿਨ੍ਹਾਂ ਨੇ ਬੁੱਲਟ ਮੋਟਰਸਾਈਕਲਾਂ ਦੀ ਉਸ ਸਮੇਂ ਝੜੀ ਲਾਈ ਜਦੋਂ ਖਿਡਾਰੀ ਸਾਇਕਲਾਂ ਨੂੰ ਤਰਸਦੇ ਹੁੰਦੇ ਸੀ ਸੰਨ 2004-5 ਤੋਂ ਕੰਮ ਸ਼ੁਰੂ ਹੋਇਆ ਤੇ ਤਕਰੀਬਨ 11-12 ਸੰਨ ਤੱਕ ਸਵਾ ਸੌ 115 ਬੋਟਲ ਸਨਮਾਨਿਤ ਕੀਤੇ ਤੇ ਉਸ ਤੋਂ ਬਾਅਦ ਵੀਂ ਇਹ ਸਿਲਸਿਲਾ ਰੁਕਿਆ ਨੀ ਹੁਣ ਤੱਕ 200 ਦੇ ਲੱਗਭਗ ਸਿਰਫ਼ ਬੋਟਲ ਮੋਟਰਸਾਈਕਲ ਤੇ ਤਕਰੀਬਨ 50 ਦੇ ਲਾਗੇ ਗੱਡੀਆਂ ਕਬੱਡੀ ਵਿੱਚ ਸਨਮਾਨਿਤ ਹੋ ਚੁੱਕੀਆਂ ਮੈਂ ਮੇਜਰ ਸਿੰਘ ਬਰਾੜ ਨੂੰ

ਮੇਜਰ ਸਿੰਘ ਬਰਾੜ ਭਲੂਰ,,

ਸ਼ਰਨਾ ਤਖਤੂਪੁਰਾ ਸਾਹਿਬ

ਪਿਛਲੇ 20ਸਾਲ ਤੋਂ ਜਾਣਦਾ ਹਾਂ ਇੱਕ ਵਾਰ ਦਰਸ਼ਨ ਕੀਤੇ ਆ ਕਿਸੇ ਵਿਆਹ ਵਿੱਚ ਮਿਲੇ ਸੀ ਬਹੁਤ ਦਲੇਰ ਪ੍ਰਮੋਟਰ ਆ ਮਾਲਵੇ ਦੀ ਕਬੱਡੀ ਨੂੰ ਉੱਪਰ ਚੁੱਕਣ ਵਿੱਚ ਜੇ ਕਿਸੇ ਪ੍ਰਮੋਟਰ ਨੇ ਸਹੀ ਸੇਵਾ ਕੀਤੀ ਤੇ ਓਹ ਮੇਜਰ ਬਰਾੜ ਆ ਹੀਰਾ ਮਾਲਵੇ ਦਾ ਹੁਣ ਤੱਕ ਤਕਰੀਬਨ 100 ਤੋਂ ਜਿਆਦਾ ਪਲੇਅਰ ਜੋ ਗ਼ਰੀਬ ਘਰ ਦੇ ਮੁੰਡੇ ਸੀ ਉਹਨਾਂ ਨੂੰ ਕਨੇਡਾ ਦੇ ਦਰਸ਼ਨ ਕਰਵਾਏ ਆ ਤੇ ਬਹੁਤ ਮੁੰਡੇ ਉੱਥੇ ਸੈੱਟ ਹੋ ਚੁੱਕੇ ਆ ਇਹ ਬਹੁਤ ਵੱਡੀ ਗੱਲ ਆ ਮੇਜਰ ਸਿੰਘ ਬਰਾੜ ਦੇ ਸਾਥੀ ਕਰਮਪਾਲ ਲੰਡੇਕੇ ਤੇ ਜਲੰਧਰ ਸਿੱਧੂ ਇਹਨਾਂ ਨਾਲ ਦਿਲੋਂ ਪਿਆਰ ਆ ਕਨੇਡਾ ਵੱਡੀ ਕਲੱਬ ਕੈਲਗਿਰੀ ਵਿੱਚ ਹਰ ਸਾਲ ਬਣਦੀ ਆ ਤੇ ਮੀਂਹ ਵਾਂਗ ਡਾਲਰ ਉੱਡਦੇ ਆ ਇੱਕ ਇੱਕ ਨੰਬਰ ਤੇ ਬਹੁਤ ਘੈਂਟ ਕੰਮ ਹੁੰਦਾ ਗੱਲ ਹੋਵੇ ਪੰਜਾਬ ਤੇ ਇਸ ਸਾਲ ਭੂਰੀ ਛੰਨਾ ਤੇ ਸ਼ਰਨੇ ਡੱਗੋ ਰੋਮਾਣੇ ਦਾ ਫਾਰਚੂਨੇਰ ਵੱਡੀਆਂ ਗੱਡੀਆਂ ਦੇ ਨਾਲ ਸਨਮਾਨਿਤ ਹੋਵੇਗਾ ਹੋਰ ਬਹੁਤ ਯਾਦਾਂ ਨੇ ਪੁਰਾਣੇ ਸਮੇਂ ਦੀਆਂ ਕਦੀ ਫੇਰ ਸਾਂਝ ਪਾਵਾਂਗੇ ਮੈਂ ਤੁਹਾਡਾ ਆਪਣਾ ਸ਼ਰਨਾ ਤਖਤੂਪੁਰੀਆ।

ਨਿਊਜ਼ੀਲੈਂਡ (ਹਰਜਿੰਦਰ ਪਾਲ ਛਾਬੜਾ) ਆਪਣੀ ਮਾਂ ਖੇਡ ਕਬੱਡੀ ਦੇ ਧਾਕੜ ਪ੍ਰਮੋਟਰ ਤੀਰਥ ਸਿੰਘ ਅਟਵਾਲ ਨਿਊਜ਼ੀਲੈਂਡ ਤੇ ਭੈਣ ਜੀ ਬਲਜੀਤ ਕੌਰ ਅਟਵਾਲ ਅਤੇ ਅਟਵਾਲ ਪਰਿਵਾਰ ਨੂੰ ਪੁੱਤਰ ਰੌਬਨ ਸਿੰਘ ਅਟਵਾਲ ਦੇ ਰੋਕੇ ਦੀਆਂ ਬਹੁਤ ਬਹੁਤ ਮੁਬਾਰਕਾਂ ਜੀ।

ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਗੁਰੂ ਨਗਰੀ ਵਿੱਚ ਬਣੀਆਂ ਖਿੱਚ ਦਾ ਕੇਂਦਰ

ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਜਾਣ ਵਾਲੇ ਰਸਤਿਆਂ ਦੀਆਂ ਦੀਵਾਰਾਂ ਤੇ ਬਣਾਈਆਂ ਜਾ ਰਹੀਆਂ ਹਨ ਤਸਵੀਰਾਂ

ਰੂਪਨਗਰ /ਸ਼੍ਰੀ ਅਨੰਦਪੁਰ ਸਾਹਿਬ, (ਜਤਿੰਦਰ ਪਾਲ ਸਿੰਘ ਕਲੇਰ) ਨੋਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਦੇ ਸਮਾਗਮਾਂ ਮੌਕੇ ਗੁਰੂ ਨਗਰੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਜਾਣ ਵਾਲੇ ਮਾਰਗਾਂ/ਗਲੀਆਂ ਵਿੱਚ ਦੀਵਾਰਾਂ ਉੱਤੇ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਸ਼ਰਧਾਲੂਆਂ/ਸੰਗਤਾਂ ਲਈ ਖਿੱਚ ਦਾ ਕੇਂਦਰ ਬਣ ਰਹੀਆਂ ਹਨ। ਇਹਨਾਂ ਤਸਵੀਰਾਂ ਵਿੱਚ ਸਿੱਖ ਇਤਿਹਾਸ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਖੂਬਸੂਰਤ ਆਇਲ ਪੇਂਟ ਰੰਗਾਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਹਨਾਂ ਤਸਵੀਰਾਂ

ਵਿੱਚ ਸ਼ਸ਼ਤਰ ਵਿੱਦਿਆ, ਘੋੜ ਸਵਾਰੀ, ਪੰਜਾਬ ਦਾ ਸੱਭਿਆਚਾਰ, ਪੰਜਾਬੀ ਲਿਪੀ ਅਤੇ ਸ਼ਹਾਦਤ ਦੇ 350 ਸਾਲ ਦੇ ਲੋਗੋ ਬਣਾਏ ਜਾ ਰਹੇ ਹਨ। ਇਹ ਤਸਵੀਰਾਂ ਕਚਿਹਰੀ ਰੋਡ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ, ਕਿਲ੍ਹਾ ਫਤਿਹਗੜ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਤੱਕ, ਕਚਿਹਰੀ ਰੋਡ ਅਤੇ ਹੋਰ ਕਈ ਮਾਰਗਾਂ ਤੇ ਚਿੱਤਰਕਾਰੀ ਦਾ ਕੰਮ ਜੰਗੀ ਪੱਧਰ ਤੇ ਜਾਰੀ

ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਇਸ ਕਾਰਜ ਲਈ ਨਿੱਜੀ ਰੁਚੀ ਦਿਖਾਉਂਦਿਆਂ ਸਾਰੇ ਕੰਮ ਦੀ ਆਪ ਦੇਖ ਰੇਖ ਕਰ ਰਹੇ ਹਨ। ਸ਼ਹਿਰ ਵਾਸੀ ਵੀ ਇਨਾਂ ਚਿੱਤਰਕਾਰੀਆਂ ਦੇ ਚੱਲ ਰਹੇ ਕੰਮ ਦੀ ਸ਼ਲਾਘਾ ਕਰ ਰਹੇ ਹਨ। ਇਹ ਤਸਵੀਰਾਂ ਕੇਵਲ ਸ਼ਹਿਰ ਦੀ ਸੋਭਾ ਹੀ ਨਹੀਂ ਵਧਾ ਰਹੀਆਂ, ਸਗੋਂ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ

ਜੁੜਨ ਦਾ ਵੀ ਮੌਕਾ ਦੇ ਰਹੀਆਂ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਸ਼੍ਰੀ ਅਨੰਦਪੁਰ ਸਾਹਿਬ ਦੇ ਆਉਣ ਵਾਲੇ ਸੰਗਤਾਂ ਨੂੰ ਇੱਕ ਰੂਹਾਨੀ ਅਤੇ ਇਤਿਹਾਸਕ ਅਨੁਭਵ ਪ੍ਰਾਪਤ ਹੋਵੇਗਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਭਾਰਤੀ ਫੌਜ ਦੇ ਗੁੰਮਨਾਮ ਰਹੇ ਸੈਨਿਕ, ਸੈਨਾ ਮੈਡਲ ਵਿਜੇਤਾ ਨਾਇਬ ਸੂਬੇਦਾਰ ਬਖਸ਼ੀਸ਼ ਸਿੰਘ ਦੇ ਸਨਮਾਨ ਵਿੱਚ ਸੈਨਿਕ ਇੰਸਟੀਚਿਊਟ ਦਾ ਉਦਘਾਟਨ

(ਗੁਰਵਿੰਦਰ ਸ਼ਰਮਾ ਬਠਿੰਡਾ) 33 ਕੋਰ ਸਿਗਨਲ ਰੈਜੀਮੈਂਟ, ਸੁਕਨਾ ਮਿਲਟਰੀ ਸਟੇਸ਼ਨ, ਸਿਲੀਗੁੜੀ ਵਿਖੇ ਆਯੋਜਿਤ ਇੱਕ ਗੌਰਵਸ਼ਾਲੀ ਅਤੇ ਪ੍ਰੇਰਨਾਦਾਇਕ ਸਮਾਰੋਹ ਵਿੱਚ, ਸਿਗਨਲ ਰੈਜੀਮੈਂਟ ਨੇ ਸਵਰਗੀ ਆਨਰੇਰੀ ਨਾਇਬ ਸੂਬੇਦਾਰ ਬਖਸ਼ੀਸ਼ ਸਿੰਘ, ਆਰਮੀ ਮੈਡਲ (ਬਹਾਦਰੀ) ਦੇ ਸਨਮਾਨ ਵਿੱਚ ਬਖਸ਼ੀਸ਼ ਸਿੰਘ ਸੈਨਿਕ ਇੰਸਟੀਚਿਊਟ (ਬੀਐਸਐਸਆਈ) ਦਾ ਉਦਘਾਟਨ ਕੀਤਾ । 1971 ਦੀ ਭਾਰਤ-ਪਾਕਿਸਤਾਨ ਜੰਗ ਦੇ ਇੱਕ ਮਹਾਨ ਬਹਾਦਰ ਸਿਪਾਹੀ, ਜਿਨ੍ਹਾਂ ਦੀ ਹਿੰਮਤ ਅਤੇ ਵਚਨਬੱਧਤਾ ਭਾਰਤੀ ਫੌਜ ਦੀ ਕੁਲੀਨ ਤ੍ਰਿ-ਸ਼ਕਤੀ ਕੋਰ ਅਤੇ ਸਿਗਨਲ ਕੋਰ ਦੀਆਂ ਸ਼ਾਨਦਾਰ ਪਰੰਪਰਾਵਾਂ ਨੂੰ ਰੌਸ਼ਨ ਕਰਦੀ ਰਹਿੰਦੀ ਹੈ।20 ਜੂਨ, 1935 ਨੂੰ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਧੁੱਗਾ ਕਲਾਂ ਪਿੰਡ ਵਿੱਚ ਜਨਮੇ, ਬਖਸ਼ੀਸ਼ ਸਿੰਘ 15 ਜੁਲਾਈ, 1957 ਨੂੰ ਭਾਰਤੀ ਫੌਜ (ਸਿਗਨਲ ਕੋਰ) ਵਿੱਚ ਇੱਕ ਲਾਈਨਮੈਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ 1962 ਅਤੇ 1965 ਦੀਆਂ ਜੰਗਾਂ ਵਿੱਚ ਬਹਾਦਰੀ ਨਾਲ ਹਿੱਸਾ ਲਿਆ। 1971 ਦੀ ਜੰਗ ਦੌਰਾਨ, ਉਹ 33 ਕੋਰ ਸਿਗਨਲ ਰੈਜੀਮੈਂਟ ਵਿੱਚ ਤਾਇਨਾਤ ਸਨ। ਉਨ੍ਹਾਂ ਨੂੰ ਦੁਸ਼ਮਣ ਦੇ ਬਚੇ ਹੋਏ ਹਿੱਸਿਆਂ ਅਤੇ ਬਾਰੂਦੀ ਸੁਰੰਗਾਂ ਨਾਲ ਭਰੇ ਖੇਤਰ ਵਿੱਚ ਮਹੱਤਵਪੂਰਨ ਸੰਚਾਰ ਲਾਈਨਾਂ ਨੂੰ ਬਣਾਈ ਰੱਖਣ ਦਾ ਕੰਮ ਸੌਂਪਿਆ ਗਿਆ ਸੀ। ਸ਼ਾਨਦਾਰ ਹਿੰਮਤ ਅਤੇ ਨਿਰਸਵਾਰਥਤਾ ਦਾ ਪ੍ਰਦਰਸ਼ਨ ਕਰਦੇ ਹੋਏ, ਉਨ੍ਹਾਂ ਨੇ ਦੁਸ਼ਮਣ ਦੇ ਖੇਤਰ ਵਿੱਚ ਪਹਾੜੀ ਡਿਵੀਜ਼ਨ ਦੇ ਹਮਲੇ ਲਈ ਨਿਰਵਿਘਨ ਸੰਚਾਰ ਨੂੰ ਯਕੀਨੀ ਬਣਾਉਣ ਲਈ ਦਿਨ ਵਿੱਚ 18 ਘੰਟੇ ਤੋਂ ਵੱਧ ਅਣਥੱਕ ਕੰਮ ਕੀਤਾ। 1971 ਦੀ ਜੰਗ ਦੌਰਾਨ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਡਿਊਟੀ ਪ੍ਰਤੀ ਸਮਰਪਣ ਲਈ ਉਨ੍ਹਾਂ ਨੂੰ 1972 ਵਿੱਚ ਸੈਨਾ ਮੈਡਲ (ਬਹਾਦਰੀ) ਨਾਲ ਸਨਮਾਨਿਤ ਕੀਤਾ

ਗਿਆ ਸੀ। ਉਨ੍ਹਾਂ ਦਾ 14 ਫਰਵਰੀ, 1986 ਨੂੰ ਦੇਹਾਂਤ ਹੋ ਗਿਆ ਸੀ, ਉਹ ਆਪਣੇ ਪਿੱਛੇ ਆਪਣੀ ਪਤਨੀ, ਸ਼੍ਰੀਮਤੀ ਕਮਲਜੀਤ ਕੌਰ, ਦੋ ਪੁੱਤਰ ਅਤੇ ਇੱਕ ਧੀ ਛੱਡ ਗਏ ਸਨ। ਇਸ ਮਹੱਤਵਪੂਰਨ ਮੌਕੇ 'ਤੇ, ਸ਼੍ਰੀਮਤੀ ਕਮਲਜੀਤ ਕੌਰ, ਜੋ ਹੁਣ 90 ਸਾਲਾਂ ਦੇ ਹਨ, ਆਪਣੇ ਪੁੱਤਰ ਸ਼੍ਰੀ ਗੁਰਜੀਤ ਸਿੰਘ ਨਾਲ ਪੰਜਾਬ ਤੋਂ ਸਮਾਰੋਹ ਵਿੱਚ ਸ਼ਾਮਲ ਹੋਣ ਅਤੇ ਆਪਣੇ ਸਵਰਗਵਾਸੀ ਪਤੀ ਨੂੰ ਸ਼ਰਧਾਂਜਲੀ ਦੇਣ ਲਈ ਵਿਸ਼ੇਸ਼ ਤੌਰ ਤੇ ਪਹੁੰਚੇ। ਨਵ-ਨਿਰਮਿਤ ਬਖਸ਼ੀਸ਼ ਸਿੰਘ ਸੈਨਿਕ ਸੰਸਥਾਨ - ਪੂਰੀ ਤਰ੍ਹਾਂ ਸਵੈ-ਨਿਰਭਰ ਅਤੇ ਰੈਜੀਮੈਂਟ ਦੇ ਸਾਰੇ ਰੈਂਕਾਂ ਦੇ ਸਮੂਹਿਕ ਯਤਨਾਂ ਦੁਆਰਾ ਮੁਰੰਮਤ ਕੀਤਾ ਗਿਆ। ਉਨ੍ਹਾਂ ਦੀ ਹਿੰਮਤ, ਬਹਾਦਰੀ ਅਤੇ ਸੈਨਿਕ ਕਦਰਾਂ-ਕੀਮਤਾਂ ਨੂੰ ਇੱਕ ਜ਼ਿੰਦਾ ਸ਼ਰਧਾਂਜਲੀ ਹੈ। ਇਸ ਸੰਸਥਾ ਵਿੱਚ ਇੱਕ ਲਾਇਬ੍ਰੇਰੀ, ਅਧਿਐਨ ਖੇਤਰ, ਲਾਉਂਜ, ਬਿਲੀਅਰਡਜ਼ ਰੂਮ, ਵੈੱਟ ਕੰਟੀਨ, ਦਰਜ਼ੀ ਦੀ ਦੁਕਾਨ ਅਤੇ ਸਾਰੇ ਰੈਂਕਾਂ ਅਤੇ ਸੈਨਿਕ ਪਰਿਵਾਰਾਂ ਲਈ ਮਨੋਰੰਜਨ ਖੇਤਰ ਹੈ, ਜਿਸਦਾ ਉਦੇਸ਼ ਭਲਾਈ, ਭਾਈਚਾਰਕ ਅਤੇ ਨਿਰੰਤਰ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਸਮਾਰੋਹ ਦੀ ਸ਼ੁਰੂਆਤ ਸ਼੍ਰੀਮਤੀ ਕਮਲਜੀਤ ਕੌਰ ਦੁਆਰਾ ਸਵਰਗੀ ਆਨਰੇਰੀ ਨਾਇਬ ਸੂਬੇਦਾਰ ਬਖਸ਼ੀਸ਼ ਸਿੰਘ, ਸੈਨਾ ਮੈਡਲ (ਬਹਾਦਰੀ) ਦੇ ਬੁੱਤ ਦਾ ਉਦਘਾਟਨ ਕਰਨ ਨਾਲ ਹੋਈ, ਜਿਸ ਨੂੰ ਕਰਨਲ ਗੁਰਜੰਟ ਸਿੰਘ (ਕਮਾਂਡਿੰਗ ਅਫਸਰ) ਅਤੇ ਰੈਜੀਮੈਂਟ ਦੇ ਸਾਰੇ ਰੈਂਕਾਂ ਵੱਲੋਂ ਦਿਲੋਂ ਸਤਿਕਾਰ ਅਤੇ ਸਨਮਾਨ ਦਿੱਤਾ ਗਿਆ। ਆਪਣੇ ਪਤੀ ਦੇ ਬਹਾਦਰੀ ਭਰੇ ਕੰਮਾਂ 'ਤੇ ਇੱਕ ਛੋਟੀ ਫਿਲਮ ਦੀ ਸਕ੍ਰੀਨਿੰਗ ਦੌਰਾਨ, ਸ਼੍ਰੀਮਤੀ ਕਮਲਜੀਤ ਕੌਰ ਨੇ ਭਾਵੁਕ ਹੋ ਕੇ ਕਿਹਾ, " ਕਿ ਸ੍ਰ ਬਖਸ਼ਿਸ਼ ਸਿੰਘ ਜੀ ਨੇ ਕਦੇ ਵੀ ਆਪਣੀ ਬਹਾਦਰੀ ਬਾਰੇ ਨਹੀਂ ਕਿਹਾ,ਓਹ ਸਿਰਫ ਆਪਣੇ ਦੇਸ਼ ਅਤੇ ਫਰਜ ਪ੍ਰਤੀ ਵਫਾਦਾਰ ਰਹੇ। ਅੱਜ ਇੱਥੇ ਖੜ੍ਹੀ ਹੋ ਕੇ, ਮੈਂ ਇੱਕ ਵਾਰ ਫਿਰ ਉਹਨਾਂ ਦੇ ਸਾਥੀਆਂ ਵਿੱਚ ਓਹਨਾ ਦੀ ਸੈਨਿਕ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਮਹਿਸੂਸ ਕਰਦੀ ਹਾਂ। ਹਰ ਪਰਿਵਾਰ ਲਈ, ਆਪਣੇ ਕਿਸੇ ਪਿਆਰੇ ਨੂੰ ਯੁੱਧ ਵਿੱਚ ਭੇਜਣਾ ਕਦੇ ਵੀ ਆਸਾਨ ਨਹੀਂ ਹੁੰਦਾ, ਪਰ ਇਸ ਤਰ੍ਹਾਂ ਦੇ ਪਲ ਸਾਨੂੰ ਹਿੰਮਤ ਅਤੇ ਮਾਣ ਨਾਲ ਇਸਦਾ ਸਾਹਮਣਾ ਕਰਨ ਦੀ ਤਾਕਤ ਦਿੰਦੇ ਹਨ।" ਇਹ ਸਮਾਗਮ ਯੂਨਿਟ ਦੇ ਸੈਨਿਕਾਂ ਅਤੇ ਪਰਿਵਾਰਾਂ ਨਾਲ ਇੱਕ ਚਾਹ ਪਾਰਟੀ ਨਾਲ ਸਮਾਪਤ ਹੋਇਆ। ਸ਼੍ਰੀ ਗੁਰਜੀਤ ਸਿੰਘ ਨੇ ਪ੍ਰੋਜੈਕਟ ਦੀ ਪ੍ਰਸ਼ੰਸਾ ਕੀਤੀ, ਇਸਨੂੰ ਰੈਜੀਮੈਂਟ ਦੇ ਲੋਕਾਚਾਰ ਦਾ ਪ੍ਰਤੀਕ ਕਿਹਾ ਅਤੇ ਇਹ ਯਾਦ ਦਿਵਾਇਆ ਕਿ ਸੱਚੀ ਬਹਾਦਰੀ ਸਮਰਪਣ ਵਿੱਚ ਹੈ। ਇਸ ਸਮਾਗਮ ਨੇ ਨਾ ਸਿਰਫ਼ ਇੱਕ ਬਹਾਦਰ ਬੀਰ ਸੈਨਿਕ ਦੀ ਯਾਦ ਦਾ ਜਸ਼ਨ ਮਨਾਇਆ, ਸਗੋਂ ਹਰ ਉਸ ਸਿਪਾਹੀ ਦੀ ਸਦੀਵੀ ਭਾਵਨਾ ਦਾ ਵੀ ਜਸ਼ਨ ਮਨਾਇਆ ਜੋ ਆਪਣੇ ਆਖਰੀ ਸਾਹ ਤੱਕ ਦੇਸ਼ ਦੀ ਸੇਵਾ ਕਰਨ ਲਈ ਜੀਉਂਦਾ ਹੈ। "ਬਹਾਦਰੀ ਨੂੰ ਯਾਦ ਕਰਨਾ, ਵਿਰਾਸਤ ਦਾ ਸਨਮਾਨ ਕਰਨਾ"।

ਸਕੂਲ ਵਿੱਚ ਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ :-ਡਾਕਟਰ ਸੁਖੀ

ਬੰਗਾ (ਚਰਨਜੀਤ ਸੱਲ੍ਹਾਂ) ਇਹ ਸ਼ਬਦ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂ ਪੋਤਾ ਵਿਖੇ ਵਰਦੀ ਵੰਡ ਸਮਾਗਮ ਦੌਰਾਨ ਕਹੇ। ਉਹਨਾਂ ਨੇ ਅੱਗੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮਾਜ ਦੀ ਅਸਲੀ ਸੇਵਾ ਕਰ ਰਹੇ ਹਨ। ਇਹ ਸਮਾਗਮ ਸਵਰਗਵਾਸੀ ਸਰਦਾਰ ਬਖਤਾਵਰ ਸਿੰਘ ਦੇ ਸਪੁੱਤਰ ਸਰਦਾਰ ਬਲਦੇਵ ਸਿੰਘ ਅਤੇ ਸਰਦਾਰ ਮੇਜਰ ਸਿੰਘ ਅਮਰੀਕਾ ਨਿਵਾਸੀ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸਰਦੀ ਦੇ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਹਰ ਸਾਲ ਦੀ ਤਰ੍ਹਾਂ ਵਰਦੀ ਵੰਡ ਸਮਾਗਮ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਜੁਰਾਬਾਂ, ਕੋਟੀਆਂ, ਟਾਈਆਂ, ਬਿਲਟਾਂ ਤਕਸੀਮ ਕੀਤੀਆਂ ਗਈਆਂ। ਇਹ ਸਾਰਾ ਉੱਦਮ ਸਾਬਕਾ ਐਸ ਐਮ ਸੀ ਚੇਅਰਮੈਨ ਹਰਵਿੰਦਰ

ਕੁਮਾਰ ਜੀ ਦੁਆਰਾ ਕੀਤਾ ਗਿਆ। ਇਸ ਵਰਦੀ ਵੰਡ ਸਮਾਗਮ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫਸਰ ਲਖਵੀਰ ਸਿੰਘ ਉਚੇਚੇ ਤੌਰ ਤੇ ਸ਼ਾਮਿਲ ਹੋਏ ਉਹਨਾਂ ਨੇ ਵੀ ਇਸ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰ ਦਾਨੀ ਸੱਜਣਾ ਨੂੰ ਵੀ ਇਸ ਨੇਕ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਆਗੂ ਸੋਹਣ ਲਾਲ ਢੰਡਾ ਵੀ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਲੂਪੋਤਾ ਪਿੰਡ ਦੇ ਸਰਪੰਚ ਸ੍ਰੀਮਤੀ ਕੁਲਵਿੰਦਰ ਕੌਰ ਪੰਚ ਸਰਬਜੀਤ ਕੌਰ, ਸੀਮਾ ਰਾਣੀ ਐਸ ਐਮ ਸੀ ਚੇਅਰਮੈਨ ਸ਼੍ਰੀਮਤੀ ਰੇਨੂੰ ਅਤੇ ਬਾਕੀ ਮੈਂਬਰ ਹਰਪ੍ਰੀਤ ਸਿੰਘ ਸਾਬਕਾ ਸਰਪੰਚ ਮੱਖਣ ਸਿੰਘ ਹਾਜ਼ਰ ਸਨ। ਸਟੇਜ਼ ਦੀ ਸਮੁੱਚੀ ਕਾਰਵਾਈ ਸ਼ਨੀ ਕੁਮਾਰ ਮੈਥ ਮਾਸਟਰ ਨੇ ਬਾਖੂਬੀ ਨਿਭਾਈ। ਅਮਰਪ੍ਰੀਤ ਸਿੰਘ ਲੈਕਚਰਾਰ ਅੰਗਰੇਜ਼ੀ ਨੇ ਸਾਰੇ ਸਨਮਾਨਿਤ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂ ਪੋਤਾ ਅਤੇ ਪ੍ਰਾਇਮਰੀ ਸਕੂਲ ਦਾ ਸਾਰਾ ਸਟਾਫ ਤੇ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਅਖੀਰ ਵਿੱਚ ਸਕੂਲ ਮੁਖੀ ਬਲਦੀਸ਼ ਲਾਲ ਨੇ ਬਾਹਰੋਂ ਆਏ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਸਕੂਲ ਦੀ ਬਿਹਤਰੀ ਲਈ ਹਰ ਵੇਲੇ ਤਤਪਰ ਰਹਿਣਾ ਚਾਹੀਦਾ ਹੈ।

ਅਖਾੜਾ ਨਸੀਬ ਫਿਲੌਰ ਵਲੋਂ ਵਿਸ਼ਾਲ ਕੁਸ਼ਤੀ ਦੰਗਲ 18 ਨੂੰ

ਅੱਪਰਾ/ਫਿਲੌਰ, (ਦੀਪਾ)- ਅਖਾੜਾ ਨਸੀਬ ਫਿਲੌਰ ਵਲੋਂ ਵਿਸ਼ਾਲ ਕੁਸ਼ਤੀ ਦੰਗਲ ਨੂਰਮਹਿਲ ਰੋਡ ਮੁਹੱਲਾ ਰਵਿਦਾਸਪੁਰਾ ਫਿਲੌਰ ਵਿਖੇ ਮਿਤੀ 18 ਨਵੰਬਰ ਦਿਨ ਮੰਗਲਵਾਰ ਨੂੰ ਪੂਰੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਲਖਵੀਰ ਸਿੰਘ ਭੈਣੀ (ਕੈਨੇਡਾ), ਅਵਤਾਰ ਹੀਰ (ਜਰਮਨ) ਤੇ ਪਹਿਲਵਾਨ ਮੇਹਰ ਫਿਲੌਰ ਨੇ ਦੱਸਿਆ ਕਿ ਇਸ ਵਿਸ਼ਾਲ ਕੁਸ਼ਤੀ ਦੰਗਲ 'ਚ ਪਹਿਲਵਾਨ ਬਲਵੀਰ ਦੋਦਰ, ਹਰਸ਼ ਫਿਲੌਰ, ਤੀਰਥ ਮਾਹਲਾਂ, ਸੋਨੀ ਸਹੋਤਾ ਤੇ ਸਿਮਰਨ ਸਹੋਤਾ ਆਪਣੇ ਜੌਹਰ ਦਿਖਾਉਣਗੇ । ਇਸ ਮੌਕੇ ਪਟਕੇ ਦੀ ਕੁਸ਼ਤੀ ਪ੍ਰਿਪ-ਲ ਫਗਵਾੜਾ ਤੇ ਰਾਜਾ ਅੰਮ੍ਰਿਤਸਰ ਤੇ ਪਰਮਿੰਦਰ ਡੂਮਛੇੜੀ ਤੇ ਰੌਸ਼ਨ ਕਿਰਲਗੜ ਵਿਚਕਾਰ ਹੋਵੇਗੀ । ਇਸ ਮੌਕੇ ਪਹਿਲਵਾਨਾਂ ਨੂੰ ਆਕਰਸ਼ਕ ਇਨਾਮ ਵੀ ਦਿੱਤੇ ਜਾਣਗੇ।

for more news visit:
www.samajweekly.com

ਲਾਲ ਕਿਲ੍ਹੇ ਤੇ ਹਮਲਾ ਕੱਟੜਪੰਥੀ ਨਾਕਰਾਤਮਕ ਵਿਚਾਰਾਂ ਦਾ ਨਤੀਜਾ-ਸਲੀਮ ਸੁਲਤਾਨੀ

ਫਿਲੌਰ/ਅੱਪਰਾ (ਦੀਪਾ) ਅੱਜ ਡੇਰਾ ਮੁਖੀ ਦਾਤਾ ਦਰਬਾਰ (ਗੁਰਾਇਆ) ਤੇ ਮੈਸੰਜਰ ਆਫ ਪੀਸ ਮਿਸ਼ਨ ਦੇ ਰਾਸ਼ਟਰੀ ਪੀਸ ਐਂਬੈਸਡਰ ਸਲੀਮ ਸੁਲਤਾਨੀ ਵੱਲੋਂ ਬਿਆਨ ਜਾਰੀ ਕਰ ਜੋ ਪਿਛਲੇ ਦਿਨੀ ਦੇਸ਼ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲੇ ਨਜ਼ਦੀਕ ਹੋਏ ਅੱਤਵਾਦੀ ਤੇ ਕਾਇਰਤਾਨਾ ਹਮਲੇ ਦੀ ਸਖ਼ਤ ਨਿੰਦਾ ਕੀਤੀ ਗਈ ਤੇ ਹਮਲੇ ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਤੇ ਜ਼ਖਮੀਆਂ ਦੇ ਜਲਦ ਠੀਕ ਹੋਣ ਦੀ ਕਾਮਨਾ ਕੀਤੀ ਗਈ, ਇਸ ਮੌਕੇ ਉੱਨਾਂ ਬੋਲਦਿਆ ਕਿਹਾ ਕਿ ਇਸ ਤਰਾ ਦੇ ਹਮਲੇ ਉਸ

ਕੱਟੜਪੰਥੀ ਨਕਰਾਤਮਕ ਵਿਚਾਰਾਂ ਦਾ ਨਤੀਜਾ ਹੈ ਜਿਸ ਨਾਲ ਪੜੇ ਲਿਖੇ ਨੌਜਵਾਨ ਆਪਣੇ ਪੇਸ਼ੇ ਨੂੰ ਹੀ ਆਪਣਾ ਆਤਮਘਾਤੀ ਹਥਿਆਰ ਬਣਾ ਲੈਦੇ ਹਨ ਤੇ ਜਿੰਨਾ ਦੀ ਪਹਿਚਾਣ ਕਰਨਾ ਬਹੁਤ ਮੁਸ਼ਕਿਲ ਹੈ ਤੇ ਇਸ ਤਰਾਂ ਦੇ ਕਾਇਰਤਾਨਾ ਤੇ ਮਨੁੱਖਤਾ ਵਿਰੋਧੀ ਹਮਲਿਆਂ ਨੂੰ ਅੰਜਾਮ ਦੇ ਦਿੰਦੇ ਹਨ ਇਸ ਲਈ ਹੁਣ ਉਹ ਸਮਾਂ ਆ ਗਿਆ ਹੈ ਕਿ ਮਨੁੱਖਤਾਵਾਦੀ ਤੇ ਅਮਨ ਪਸੰਦ ਸਮਾਜ ਇੱਕਠਾ ਹੋ ਕੇ ਇੰਨਾਂ ਕੱਟੜਵਾਦੀ ਲੋਕਾਂ ਦੀ ਪਹਿਚਾਣ ਕਰਕੇ ਉੱਨਾਂ ਲੋਕਾਂ ਦਾ ਸਮਾਜਿਕ ਬਾਈਕਾਟ ਕਰਨ ਤੇ ਜ਼ਰੂਰਤ ਪੈਣ ਤੇ ਲੋਕਲ ਪੁਲਿਸ ਨੂੰ ਸੂਚਿਤ ਕਰਨ ਤਾਂ ਜੋ ਸਮਾਂ ਰਹਿੰਦੇ ਹੀ ਇੰਨਾਂ ਅਣਮਨੁੱਖੀ ਘਟਨਾਵਾਂ ਨੂੰ ਰੋਕਿਆ ਜਾ ਸਕੇ! ਨਾਲ ਹੀ ਉਨ੍ਹਾਂ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਦੇਸ਼ ਵਿੱਚ ਸ਼ਾਂਤੀ ਤੇ ਜਾਗਰੂਕਤਾ ਸਿੱਖਿਆ ਨੂੰ ਸਕੂਲੀ ਪੱਧਰ ਤੋਂ ਲੈ ਕੇ ਉੱਚੇਰੀ ਸਿੱਖਿਆ ਪੱਧਰ ਤੱਕ ਪੜਾਇਆ ਜਾਵੇ।

ਵੱਖ ਵੱਖ ਪਾਰਟੀਆਂ ਦੇ ਵੱਡੇ ਪੱਧਰ ਤੇ ਆਗੂ ਵਰਕਰ ਸਮਰਥਕ ਗੜਸ਼ੰਕਰ ਵਿਧਾਨ ਸਭਾ ਚ ਬਸਪਾ ਵਿੱਚ ਸ਼ਾਮਿਲ ਹੋਣ ਲਈ ਤਿਆਰ : ਕਰੀਮਪੁਰੀ

ਗੜ੍ਹਸ਼ੰਕਰ (ਚਰਨਜੀਤ ਸੱਲ੍ਹਾਂ) ਸਰਦਾਰ ਮੋਹਨ ਸਿੰਘ ਪਨਾਮ ਬਲਾਕ ਸੰਮਤੀ ਮੈਂਬਰ ਕਾਂਗਰਸ ਪਾਰਟੀ ਵਿਧਾਨ ਸਭਾ ਹਲਕਾ ਗੜਸ਼ੰਕਰ ਨੇ ਦਿੱਤਾ ਕਾਂਗਰਸ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ ਬਹੁਜਨ ਸਮਾਜ ਪਾਰਟੀ ਵੱਲੋਂ ਚਲਾਈ ਜਾ ਰਹੀ ਪੰਜਾਬ ਸੰਭਾਲੋ ਮਹਿਮ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਕੀਤਾ ਐਲਾਨ ਮੋਹਣ ਸਿੰਘ ਦਾ ਬਸਪਾ ਵਿੱਚ ਸ਼ਾਮਿਲ ਹੋਣ ਤੇ ਸਵਾਗਤ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਊਗਾ ਇਹ ਸ਼ਬਦ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਕਹੇ ਅਤੇ ਉਨ੍ਹਾਂ ਦੇ ਸਰੋਪਾ ਪਾ ਕੇ ਸਵਾਗਤ ਕੀਤਾ ਇਸ ਟਾਇਮ ਉਨ੍ਹਾਂ ਦੇ ਨਾਲ ਬਸਪਾ ਦੀ ਗੜ੍ਹਸ਼ੰਕਰ ਦੀ ਟੀਮ ਹਾਜ਼ਰ ਸੀ ਜਿਨ੍ਹਾਂ ਨੇ ਵੀ ਮੋਹਨ ਸਿੰਘ ਦਾ ਸਵਾਗਤ ਕੀਤਾ ਅਤੇ ਕਰੀਮਪੁਰੀ ਸਾਹਿਬ ਦਾ ਧੰਨਵਾਦ ਕੀਤਾ।

ਬਾਲ ਪੇਂਟਿੰਗ

ਹਰਮਨਦੀਪ ਕੌਰ , ਜਮਾਤ ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ ਢੇਰ , ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ ਰੂਪਨਗਰ (ਪੰਜਾਬ) ਗਾਈਡ ਅਧਿਆਪਕ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ 9478561356

ਮਾਮਲਾ ਸਿੱਖ ਜਥੇ ਵਿੱਚੋਂ ਪਾਕਿਸਤਾਨ ਵਿੱਚ ਫਰਾਰ ਮਹਿਲਾ ਦਾ

ਪਾਕਿਸਤਾਨ ਦੀ ਅਦਾਲਤ ਵਿੱਚੋਂ ਨਿਕਾਹ ਦੀ ਵੀਡੀਓ ਵਾਇਰਲ

ਵੀਡੀਓ ਵਿੱਚ ਪਿਛਲੇ 9 ਸਾਲਾਂ ਤੋਂ ਆਪਣੇ ਨਵੇਂ ਪਤੀ ਨੂੰ ਜਾਣਨ ਦੀ ਕਬੂਲੀ ਗੱਲ

ਕਪੂਰਥਲਾ (ਕੌੜਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਭਾਰਤ ਤੋਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਸ਼ਾਮਿਲ ਹੋ ਕੇ ਗਈ ਚੜ੍ਹਦੇ ਪੰਜਾਬ ਦੀ ਇਕ ਮਹਿਲਾ ਜੋ ਕਿ ਗੁਰਦੁਆਰਾ ਨਨਕਾਣਾ ਸਾਹਿਬ ਨਾਲ ਸੰਬੰਧਿਤ ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਕਰਦਿਆਂ ਸਿੱਖ ਜਥੇ ਵਿਚੋਂ ਫ਼ਰਾਰ ਹੋ ਗਈ ਸੀ । ਉਕਤ ਮਹਿਲਾ ਸਰਬਜੀਤ ਕੌਰ ਪਤਨੀ ਕਰਨੈਲ ਸਿੰਘ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਅਮਾਨੀਪੁਰ ਦੀ ਰਹਿਣ ਵਾਲੀ ਸੀ । ਜਾਣਕਾਰੀ ਅਨੁਸਾਰ ਉਕਤ ਮਹਿਲਾ ਵੱਲੋਂ ਭਾਰਤੀ ਇਮੀਗ੍ਰੇਸ਼ਨ ਨੂੰ ਤੇ ਜਥੇ ਵਿੱਚ ਪਾਕਿਸਤਾਨ ਵਿੱਚ ਦਾਖਿਲ ਹੋਣ ਤੋਂ ਬਾਅਦ ਪਾਕਿ-ਸਤਾਨ ਦੀ ਇਮੀਗ੍ਰੇਸ਼ਨ ਨੂੰ ਵੀ ਅਧੂਰੀ ਜਾਣਕਾਰੀ ਦਿੱਤੀ ਜਿਸ ਤੋਂ ਸ਼ੱਕ ਹੋਰ ਵਧਿਆ ਤਾਂ ਏਜੰਸੀਆਂ ਹਰਕਤ ਵਿੱਚ ਆਈਆਂ ਸਨ ।ਜਦੋਂ ਇਸ ਸੰਬੰਧੀ ਉਹਨਾਂ ਵੱਲੋਂ ਪਤਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਜਥੇ ਵਿੱਚੋਂ ਫ਼ਰਾਰ ਹੋਣ ਤੋਂ ਬਾਅਦ ਉਸ ਵਲੋਂ ਧਰਮ ਤਬਦੀਲ ਕਰਕੇ ਨਿਕਾਹ ਕਬੂਲ ਕਰ ਲਿਆ ਹੈ। ਹਾਂਲਾਕਿ ਇਸ ਸੰਬੰਧੀ ਪੰਜਾਬ ਪੁਲਿਸ ਵੱਲੋਂ ਪੁਸ਼ਟੀ ਨਹੀਂ ਕੀਤੀ ਜਾ ਰਹੀ। ਜਦਕਿ ਇਸ ਸਭ ਦੇ ਚੱਲਦੇ ਭਾਰਤੀ ਸਿੱਖ ਮਹਿਲਾ ਸਰਬਜੀਤ ਕੌਰ ਤੋਂ ਨੂਰ ਹੁਸੈਨ ਬਣ ਗਈ ਹੈ। ਜਿਸ ਨੇ ਸ਼ੇਖੂਪੁਰਾ ਪਾਕਿਸਤਾਨ ਵਿਚਲੀ ਅਦਾਲਤ ਵਿੱਚ ਨਿਕਾਹ ਕਬੂਲਦਿਆ ਮੌਲਵੀ ਕੋਲੋਂ ਨਿਕਾਹ ਲਈ ਆਪਣੀ ਸਹਿਮਤੀ ਪ੍ਰਗਟ ਕਰਦਿਆਂ ਇਹ ਵੀ ਕਬੂਲਿਆ ਕਿ ਉਸਦਾ ਪਹਿਲੇ ਪਤੀ ਨਾਲ ਤਲਾਕ ਹੋ ਚੁੱਕਾ ਹੈ ਤੇ ਉਹ ਹੁਣ ਨਵੇਂ ਬਣ ਰਹੇ (ਪਤੀ) ਜੋ ਪਾਕਿਸਤਾਨ ਵਿਚਲਾ ਵਿਅਕਤੀ ਵੀਡੀਓ ਵਿੱਚ ਉਸਦੇ ਨਾਲ ਬੈਠਾ ਹੈ, ਨੂੰ ਪਿਛਲੇ 9 ਸਾਲਾਂ ਤੋਂ ਜਾਣਦੀ ਹੈ ਤੇ ਉਸ ਨੂੰ ਇਹ ਨਿਕਾਹ ਕਬੂਲ ਹੈ। ਜਿਸਦੀ ਵੀਡੀਓ ਵਾਇਰਲ ਹੋ ਰਹੀ ਹੈ।

ਸਰਬਜੀਤ ਕੌਰ ਦੀ ਸ਼ੇਖੂਪੁਰਾ ਪਾਕਿਸਤਾਨ ਦੀ ਅਦਾਲਤ ਵਿੱਚ ਨਿਕਾਹ ਕਰਵਾਉਂਦੇ ਸਮੇਂ ਦੀ ਤਸਵੀਰ।

ਭੋਗ ਤੇ ਵਿਸ਼ੇਸ਼ ਨਹੀਓ ਭੁੱਲਣਾ ਵਿਛੋੜਾ ਤੇਰਾ

ਸ਼ਵਨਜੋਤ ਸਿੰਘ ਥਿੰਦ ਤੇਰੀ ਉਮਰ ਇਨੀਂ ਥੋੜੀ ਕਿਵੇਂ ਲਿਖ ਦਿੱਤੀ, ਹਾਲੇ ਤਾਂ ਖੇਡਣ ਮੱਲਣ ਦੇ ਦਿਨ ਸਨ , ਤੈਨੂੰ ਏਨੀਆਂ ਕਾਹਲੀਆਂ ਕਿਉ ਪੈ ਗਈਆ , ਸ਼ਵਨਜੋਤ ਸਿੰਘ ਤੇਰੇ ਦਾਦੂ ਗੁਰਦੀਪ ਸਿੰਘ ਤਾਂ ਹਾਲੇ ਤੇਰੇ ਲਈ ਬੈਟਰੀ ਵਾਲਾ ਮੋਟਰਸਾਈਕਲ ਲਿਉਣ ਦੀਆਂ ਸਲਾਹਾਂ ਹੀ ਕਰ ਰਿਹਾ ਸੀ ਤੇ ਤੂੰ ਲੰਮੀਆਂ ਰਾਹਾਂ ਦਾ ਪਾਂਧੀ ਬਣ ਪਤਾ ਨਹੀਂ ਕਿਸ ਰਸਤੇ ਚਲਾ ਗਿਆ, ਬੀਕੇਯੂ ਪੰਜਾਬ ਦਾ ਹੋਣ ਹਾਰ ਯੋਦਾ ਸੀ ਸ਼ਵਨਜੋਤ ਸਿੰਘ ਜਿਨ੍ਹਾਂ ਪਿਆਰਾ ਨਾਮ ਉਨ੍ਹਾਂ ਪਿਆਰਾਂ ਬੱਚਾ , ਕਿਹੜੀ ਅੱਖ ਸੀ ਜੋਂ ਨਮ ਨਹੀਂ ਸੀ , ਤੂੰ ਘਰ ਦੀ ਰੋਣਕ ਸੀ ਬਹੁਤ ਕਸੂਤੀ ਸੱਟ ਮਾਰੀ ਰੱਬ ਨੇ, ਛੇ ਸਾਲ ਦੀ ਉਮਰ ਪੂਰੀ ਕਰਕੇ ਸੱਤਵੇਂ ਸਾਲ ਵਿੱਚ ਪੈਰ ਹੀ ਨਹੀਂ ਧਰਨ ਦਿੱਤਾ। ਇਕਨਾ ਦਾ ਹੋਵੇ ਇਕ ਤੇ ਉਹ ਵੀ ਜਾਏ ਮਰ ,ਵਜੀਦਾ ਕੌਣ ਆਖੇ ਸਾਹਿਬ ਨੂੰ ਤੂੰ ਇੰਝ ਨਹੀਂ ਇੰਝ ਕਰ । ਪਰ ਡਾਹਢੇ ਦੀ ਲਿਖਤ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ । ਬਸਤੇ ਵਿਚ ਪਈਆਂ ਕਿਤਾਬਾਂ ਤੇ ਸਕੂਲ ਉਡੀਕਦੇ ਯਾਰਾਂ ਲਈ ਸੁਪਨਾ ਬਣਨ ਦੀ ਕਾਹਲ ਕਰਨ ਵਾਲਿਆਂ ਤੂੰ ਮਾਪਿਆਂ ਦੇ ਸਜ਼ਾਏ ਸੁਪਨਿਆਂ ਦੀ ਤਾਂ ਸਾਰ ਲੈ ਜਾਂਦਾ ਉਨ੍ਹਾਂ ਦਾ ਤੇਰੇ ਜਾਣ ਪਿਛੋਂ ਕੀ ਬਣੇਗਾ। ਗੁਰਦੀਪ ਸਿੰਘ ਦੇ ਵਿਹੜੇ ਦੀ ਫੁਲਵਾੜੀ ਪਿਤਾ ਗੁਰਵਿੰਦਰ ਸਿੰਘ ਤੇ ਮਾਂ ਕੁਲਵਿੰਦਰ ਕੌਰ ਦੇ ਵਿਹੜੇ ਦੀ ਰੌਣਕ ਇਨੀ ਦੂਰ ਚਲੇ ਗਈ ਕਿ ਹੁਣ ਲਖਵੀਰ ਸਿੰਘ ਗੋਬਿੰਦਪੁਰ ਨੂੰ ਦੇਖ ਮੋਹਰਾਂ ਵਾਲਾ ਦਾਦੂ ਕਦੇ ਵੀ ਨਹੀਂ ਕਹੇਗੀ। ਤੇਰੀ ਖਰਮਸਤੀ ਦੀਆਂ ਗੱਲਾਂ ਨਰਿੰਦਰ ਸਿੰਘ ਬਾਜਵਾ ਹੁਣ ਕਿਵੇਂ ਦੱਸੇਗਾ। ਇਕਬਾਲ ਸਿੰਘ ਲੋਹਗੜ੍ਹ ਵੱਲੋਂ ਤੇਰੇ ਜਾਣ ਦੀ ਪਾਈ ਪੋਸਟ ਨੇ ਬੀਕੇਯੂ ਪੰਜਾਬ ਦੇ ਸਾਰੇ ਦਾਦੂਆ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ। ਚਾਚਾ ਅਕਾਸ਼ ਦੀਪ ਸਿੰਘ ਦੀਆ ਅੱਖਾਂ ਦਾ ਤਾਰਾ ਇਨੀਂ ਛੇਤੀ ਅਕਾਸ਼ ਦਾ ਤਾਰਾ ਬਣਨ ਦੀ ਘਾਹਲ ਕਰੇਗਾ ਜ਼ਕੀਨ ਨਹੀਂ ਆਉਂਦਾ । ਸਮਾਂ ਲੰਘ ਜਾਵੇਗਾ ਪਰ ਤੇਰੀਆਂ ਯਾਦਾਂ ਦੀਆਂ ਪੀੜਾਂ ਦਾ ਪਰਾਗਾ ਸਦਾ ਭੁੱਜਦਾ ਰਹੇਗਾ। ਹੈ ਵਾਹਿਗੁਰੂ ਤੇਰਿਆਂ ਚਰਨਾਂ ਵਿਚ ਅਰਦਾਸ ਹੈ ਜੇ ਤੇਰੀ ਇਹੀ ਰਜ਼ਾ ਸੀ ਤਾਂ ਸ਼ਵਨਜੋਤ ਸਿੰਘ ਥਿੰਦ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣਾ ਤੇ ਸਦਾ ਆਪਣੀ ਨਿੱਘੀ ਗੋਦ ਵਿਚ ਬਿਠਾ ਕੇ ਰੱਖਣਾ ਹੇ ਵਾਹਿਗੁਰੂ ਜੀ ਅਸੀਂ ਕਲਯੁੱਗੀ ਜੀਵ ਹਾਂ ਤੇਰੇ ਚਰਨਾ ਵਿੱਚ ਅਰਦਾਸ ਕਰਦੇ ਹਾਂ ਕਿ ਕਦੇ ਵੀ ਕਿਸੇ ਦੇ ਘਰ ਦੀ ਕੱਚੀ ਖੇਤੀ ਨਾ ਕੱਟੀ ਆਪਣੀ ਮਿਹਰ ਦਾ ਹੱਥ ਰੱਖੀ । ਸ਼ਵਨਜੋਤ ਸਿੰਘ ਥਿੰਦ ਦੀ ਅੰਤਿਮ ਅਰਦਾਸ 18 ਨਵੰਬਰ 2025 ਦਿਨ ਮੰਗਲਵਾਰ ਨੂੰ ਦੁਪਹਿਰ 12:00 ਵੱਜੇ ਪਿੰਡ ਬਾਗੀਵਾਲ ਵਿਖੇ ਹੋਵੇਗੀ । ਇਸ ਦੁਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਸਮੂਹ ਬੀਕੇਯੂ ਪੰਜਾਬ ਨੰਨੇ ਸਿਪਾਹੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ।

ਪੇਸ਼ਕਸ਼ – ਹਰਜਿੰਦਰ ਸਿੰਘ ਚੰਦੀ ਸੂਬਾ ਪ੍ਰੈੱਸ ਸਕੱਤਰ ਬੀਕੇਯੂ ਪੰਜਾਬ

ਸ੍ਰੀ ਅਨੰਦਪੁਰ ਸਾਹਿਬ ਨੂੰ ਜੁੜਦੀਆਂ 317 ਕਿਲੋਮੀਟਰ ਸੜਕਾਂ ਨੂੰ 100 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ- ਹਰਭਜਨ ਸਿੰਘ ਈ.ਟੀ.ਓ

ਸ੍ਰੀ ਅਨੰਦਪੁਰ ਸਾਹਿਬ ਵਿਖੇ 127 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ 49.32 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ– ਕੈਬਨਿਟ ਮੰਤਰੀ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਸ੍ਰੀ ਅਨੰਦਪੁਰ ਸਾਹਿਬ ਵਿਖੇ ਊਰਜਾ ਕੁਸ਼ਲ ਤਕਨਾਲੋਜੀ ਨਾਲ 750 ਪੋਲਾਂ ਨੂੰ ਸਜਾਇਆ ਗਿਆ, ਸੰਗਤ ਦੀ ਸਹੂਲਤ ਲਈ ਸਾਵਧਾਨੀ ਟ੍ਰੈਫ਼ਿਕ ਸਿਗਨਲ ਲਗਾਏ ਗਏ

ਨੋਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਨਮਨ ਹੋਵੇਗਾ 24 ਨਵੰਬਰ ਦਾ ਪੰਜਾਬ ਵਿਧਾਨ ਸਭਾ ਸੈਸ਼ਨ- ਹਰਭਜਨ ਸਿੰਘ ਈ.ਟੀ.ਓ

ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਵਿਧਾਨ ਸਭਾ ਸੈਸ਼ਨ ਦੇ ਨਿਰਮਾਣ ਦੇ ਚੱਲ ਰਹੇ ਕੰਮ ਦਾ ਲਿਆ ਜਾਇਜ਼ਾ

ਗੁਰੂ ਨਗਰੀ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਦਾ ਕਰਵਾਇਆ ਜਾ ਰਿਹਾ ਨਵੀਨੀਕਰਨ, 13 ਕਰੋੜ ਨਾਲ ਸ੍ਰੀ ਅਨੰਦਪੁਰ ਸਾਹਿਬ ਗੜ੍ਹਸ਼ੰਕਰ ਮਾਰਗ ਦਾ ਕੰਮ ਜਾਰੀ

ਵੱਧ ਰੋਸ਼ਨੀ ਤੇ ਘੱਟ ਖਪਤ ਵਾਲੀਆਂ ਲਾਈਟਾ ਨਾਲ ਰੁਸ਼ਨਾਇਆਂ ਸ੍ਰੀ ਅਨੰਦਪੁਰ ਸਾਹਿਬ ਵਾਈਟ ਸਿਟੀ ਲਈ ਸਫੇਦ ਰੰਗ ਦੀ ਸੇਵਾ ਜਾਰੀ

ਹਜ਼ਾਰਾ ਸ਼ਰਧਾਲੂਆਂ ਦੀ ਸਹੂਲਤ ਲਈ ਤਿਆਰ ਹੋਈ ਟੈਂਟ ਸਿਟੀ ਹੋਵੇਗੀ ਸਾਰੀਆਂ ਸਹੂਲਤਾਂ ਨਾਲ ਲੈਂਸ, ਮੁਫਤ ਹੋਵੇਗੀ ਆਨਲਾਈਨ ਬੁਕਿੰਗ

ਚਾਰ ਅਲੋਕਿਕ ਨਗਰ ਕੀਰਤਨ ਦੀ ਅਗਵਾਈ ਕਰਨਗੇ ਸੰਤਮਹਾਪੁਰਸ਼, ਪੰਜਾਬ ਸਰਕਾਰ ਸ਼ਰਧਾਲੂਆਂ ਦੀ ਸੇਵਾਂ ਲਈ ਲਈ ਉਪਲੱਬਧ ਕਰਵਾ ਰਹੀ ਸਹੂਲਤਾਂ

ਸ੍ਰੀ ਅਨੰਦਪੁਰ ਸਾਹਿਬ 15 ਨਵੰਬਰ () ਪੰਜਾਬ ਸਰਕਾਰ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਮਾਰੋਹਾਂ ਦੀਆਂ ਤਿਆਰੀਆਂ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਸ.ਹਰਭਜਨ ਸਿੰਘ ਈ.ਟੀ.ਓ ਨੇ ਜਾਇਜ਼ਾ ਲੈਂਦਿਆਂ ਜਾਣਕਾਰੀ ਦਿੱਤੀ ਕਿ ਇਲਾਕੇ ਵਿੱਚ ਕਦੇ ਨਾ ਹੋਏ ਇਸ ਪੱਧਰ ਦੇ ਵਿਕਾਸੀ ਕੰਮ ਹੁਣ ਜੰਗੀ ਤੌਰ 'ਤੇ ਜਾਰੀ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜੋੜਦੀਆਂ 317 ਕਿਲੋਮੀਟਰ ਸੜਕਾਂ ਨੂੰ 100 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਨਾਲ ਸ਼ਰਧਾਲੂਆਂ ਦੀ ਆਵਾਜਾਈ ਪੂਰੀ ਤਰ੍ਹਾਂ ਸੁਚਾਰੂ ਹੋਵੇਗੀ। ਇਸਦੇ ਨਾਲ ਹੀ ਸ਼ਹਿਰ ਦੇ ਅੰਦਰੂਨੀ 127 ਕਿਲੋਮੀਟਰ ਮਾਰਗਾਂ ਦੀ 49.32 ਕਰੋੜ ਰੁਪਏ ਨਾਲ ਨਵੀਨੀਕਰਨ ਪ੍ਰਕਿਰਿਆ ਜਾਰੀ ਹੈ।

ਸਮਾਜ ਵੀਕਲੀ ਨਿਊਜ

ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਤਕਨਾਲੋਜੀ ਸੁਧਾਰਾਂ ਤੇ ਵੀ ਵੱਡਾ ਧਿਆਨ ਦਿੱਤਾ ਗਿਆ ਹੈ। ਊਰਜਾ ਕੁਸ਼ਲ ਤਕਨਾਲੋਜੀ ਨਾਲ 750 ਨਵੇਂ ਪੋਲ ਲਗਾਏ ਗਏ ਹਨ, ਜੋ ਘੱਟ ਬਿਜਲੀ ਖਪਤ ਨਾਲ ਵੱਧ ਰੋਸ਼ਨੀ ਪ੍ਰਦਾਨ ਕਰਨਗੇ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ "ਵਾਈਟ ਸਿਟੀ" ਦੇ ਰੂਪ ਵਿੱਚ ਨਵੀਂ ਪਹਿਚਾਣ ਦੇਣਗੇ।

ਉਨ੍ਹਾਂ ਨੇ ਕਿਹਾ ਕਿ ਗੁਰੂ ਨਗਰੀ ਨੂੰ ਆਉਣ ਵਾਲੀਆਂ ਸਾਰੀਆਂ ਮੁੱਖ ਸੜਕਾਂ ਦੇ ਨਵੀਨੀਕਰਨ ਦਾ ਕੰਮ ਵੱਖ-ਵੱਖ ਪੜਾਅ ਵਿੱਚ ਚੱਲ ਰਿਹਾ ਹੈ। ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮਾਰਗ ਦਾ 13 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਜਾਰੀ ਹੈ, ਜੋ ਇੱਕ ਮਹੱਤਵਪੂਰਨ ਲਿੰਕ ਸੜਕ ਹੈ।

ਸ਼ਹੀਦੀ ਸ਼ਤਾਬਦੀ ਸਮਾਗਮਾਂ ਲਈ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਰਿਹਾਇਸ਼ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ ਦੀ ਸੁਵਿਧਾ ਉਪਲੱਬਧ ਕਰਵਾਈ ਹੈ। ਟੈਂਟ ਸਿਟੀ ਦਾ ਨਿਰਮਾਣ ਮੁਕੰਮਲ ਹੋ ਚੁੱਕਾ ਹੈ, ਜਿਸ ਵਿੱਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲੱਬਧ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ

ਇਸ ਟੈਂਟ ਸਿਟੀ ਦੀ ਆਨਲਾਈਨ ਬੁਕਿੰਗ ਪੂਰੀ ਤਰ੍ਹਾਂ ਮੁਫ਼ਤ ਰਹੇਗੀ, ਤਾਂ ਜੋ ਹਰ ਸ਼ਰਧਾਲੂ ਆਸਾਨੀ ਨਾਲ ਯਾਤਰਾ ਦੀ ਯੋਜਨਾ ਬਣਾ ਸਕੇ।

ਇਸ ਪਵਿੱਤਰ ਮੌਕੇ ਨੂੰ ਸਮਰਪਿਤ ਚਾਰ ਅਲੌਕਿਕ ਨਗਰ ਕੀਰਤਨ ਵੀ ਸਜਾਏ ਜਾਣਗੇ, ਜਿਨ੍ਹਾਂ ਦੀ ਅਗਵਾਈ ਸੰਤ ਮਹਾਪੁਰਸ਼ ਕਰਨਗੇ। ਸੂਬਾ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸੇਵਾ ਲਈ ਹਰੇਕ ਸੰਭਵ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ 24 ਨਵੰਬਰ ਨੂੰ ਹੋਣ ਵਾਲਾ ਵਿਸ਼ੇਸ਼ ਪੰਜਾਬ ਵਿਧਾਨ ਸਭਾ ਸੈਸ਼ਨ ਵੀ ਨੋਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਹੋਵੇਗਾ। ਹਰਭਜਨ ਸਿੰਘ ਈ.ਟੀ.ਓ ਨੇ ਵਿਧਾਨ ਸਭਾ ਸੈਸ਼ਨ ਲਈ ਹੋ ਰਹੇ ਕੰਮਾਂ ਦਾ ਮੌਕੇ 'ਤੇ ਜਾਇਜ਼ਾ ਲਿਆ ਅਤੇ ਦੱਸਿਆ ਕਿ ਸਾਰੇ ਕੰਮ ਸਮੇਂ ਸਿਰ ਪੂਰੇ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਦਾ ਯਤਨ ਹੈ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਣ ਵਾਲੇ ਇਤਿਹਾਸਕ ਸਮਾਗਮਾਂ ਦੌਰਾਨ ਹਰ ਸ਼ਰਧਾਲੂ ਨੂੰ ਸੁਵਿਧਾ, ਸੁਰੱਖਿਆ ਅਤੇ ਰੂਹਾਨੀ ਅਨੁਭਵ ਦਾ ਪੂਰਾ ਅਹਿਸਾਸ ਹੋਵੇ।

ਸ੍ਰੀ ਅਨੰਦਪੁਰ ਸਾਹਿਬ ਵਿਖੇ 127 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ 49.32 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ– ਕੈਬਨਿਟ ਮੰਤਰੀ

ਸ੍ਰੀ ਅਨੰਦਪੁਰ ਸਾਹਿਬ 15 ਨਵੰਬਰ () ਊਰਜਾ ਕੁਸ਼ਲ ਤਕਨਾਲੋਜੀ ਨਾਲ 750 ਪੋਲਾਂ ਨੂੰ ਸਜਾਇਆ ਗਿਆ, ਸੰਗਤ ਦੀ ਸਹੂਲਤ ਲਈ ਸਾਵਧਾਨੀ ਟ੍ਰੈਫ਼ਿਕ ਸਿਗਨਲ ਲਗਾਏ ਗਏ

ਨੋਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਨਮਨ ਹੋਵੇਗਾ 24 ਨਵੰਬਰ ਦਾ ਪੰਜਾਬ ਵਿਧਾਨ ਸਭਾ ਸੈਸ਼ਨ- ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਵਿਧਾਨ ਸਭਾ ਸੈਸ਼ਨ ਦੇ ਨਿਰਮਾਣ ਦੇ ਚੱਲ ਰਹੇ ਕੰਮ ਦਾ ਲਿਆ ਜਾਇਜ਼ਾ

ਗੁਰੂ ਨਗਰੀ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਦਾ ਕਰਵਾਇਆ ਜਾ ਰਿਹਾ ਨਵੀਨੀਕਰਨ, 13 ਕਰੋੜ ਨਾਲ ਸ੍ਰੀ ਅਨੰਦਪੁਰ ਸਾਹਿਬ ਗੜ੍ਹਸ਼ੰਕਰ ਮਾਰਗ ਦਾ ਕੰਮ ਜਾਰੀ ਵੱਧ ਰੋਸ਼ਨੀ ਤੇ ਘੱਟ ਖਪਤ ਵਾਲੀਆਂ ਲਾਈਟਾ ਨਾਲ ਰੁਸ਼ਨਾਇਆਂ ਸ੍ਰੀ ਅਨੰਦਪੁਰ ਸਾਹਿਬ ਵਾਈਟ ਸਿਟੀ ਲਈ ਸਫੇਦ ਰੰਗ ਦੀ ਸੇਵਾ ਜਾਰੀ ਹਜ਼ਾਰਾ ਸ਼ਰਧਾਲੂਆਂ ਦੀ ਸਹੂਲਤ ਲਈ ਤਿਆਰ ਹੋਈ ਟੈਂਟ ਸਿਟੀ ਹੋਵੇਗੀ ਸਾਰੀਆਂ ਸਹੂਲਤਾਂ ਨਾਲ ਲੈਂਸ, ਮੁਫਤ ਹੋਵੇਗੀ ਆਨਲਾਈਨ ਬੁਕਿੰਗ ਚਾਰ ਅਲੋਕਿਕ ਨਗਰ ਕੀਰਤਨ ਦੀ ਅਗਵਾਈ ਕਰਨਗੇ ਸੰਤਮਹਾਪੁਰਸ਼, ਪੰਜਾਬ ਸਰਕਾਰ ਸ਼ਰਧਾਲੂਆਂ ਦੀ ਸੇਵਾਂ ਲਈ ਲਈ ਉਪਲੱਬਧ ਕਰਵਾ ਰਹੀ ਸਹੂਲਤਾਂ

ਸ੍ਰੀ ਅਨੰਦਪੁਰ ਸਾਹਿਬ 15 ਨਵੰਬਰ () ਪੰਜਾਬ ਸਰਕਾਰ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਮਾਰੋਹਾਂ ਦੀਆਂ ਤਿਆਰੀਆਂ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਸ.ਹਰਭਜਨ ਸਿੰਘ ਈ.ਟੀ.ਓ ਨੇ ਜਾਇਜ਼ਾ ਲੈਂਦਿਆਂ ਜਾਣਕਾਰੀ ਦਿੱਤੀ ਕਿ ਇਲਾਕੇ ਵਿੱਚ ਕਦੇ ਨਾ ਹੋਏ ਇਸ ਪੱਧਰ ਦੇ ਵਿਕਾਸੀ ਕੰਮ ਹੁਣ ਜੰਗੀ ਤੌਰ 'ਤੇ ਜਾਰੀ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜੋੜਦੀਆਂ 317 ਕਿਲੋਮੀਟਰ ਸੜਕਾਂ ਨੂੰ 100 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਨਾਲ ਸ਼ਰਧਾਲੂਆਂ ਦੀ ਆਵਾਜਾਈ ਪੂਰੀ ਤਰ੍ਹਾਂ ਸੁਚਾਰੂ ਹੋਵੇਗੀ। ਇਸਦੇ ਨਾਲ ਹੀ ਸ਼ਹਿਰ ਦੇ ਅੰਦਰੂਨੀ 127 ਕਿਲੋਮੀਟਰ ਮਾਰਗਾਂ ਦੀ 49.32 ਕਰੋੜ ਰੁਪਏ ਨਾਲ ਨਵੀਨੀਕਰਨ ਪ੍ਰਕਿਰਿਆ ਜਾਰੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਤਕਨਾਲੋਜੀ ਸੁਧਾਰਾਂ ਤੇ ਵੀ ਵੱਡਾ ਧਿਆਨ ਦਿੱਤਾ ਗਿਆ ਹੈ। ਊਰਜਾ ਕੁਸ਼ਲ ਤਕਨਾਲੋਜੀ ਨਾਲ 750 ਨਵੇਂ ਪੋਲ ਲਗਾਏ ਗਏ ਹਨ, ਜੋ ਘੱਟ ਬਿਜਲੀ ਖਪਤ ਨਾਲ ਵੱਧ ਰੋਸ਼ਨੀ ਪ੍ਰਦਾਨ ਕਰਨਗੇ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ "ਵਾਈਟ ਸਿਟੀ" ਦੇ ਰੂਪ ਵਿੱਚ ਨਵੀਂ ਪਹਿਚਾਣ ਦੇਣਗੇ।

ਉਨ੍ਹਾਂ ਨੇ ਕਿਹਾ ਕਿ ਗੁਰੂ ਨਗਰੀ ਨੂੰ ਆਉਣ ਵਾਲੀਆਂ ਸਾਰੀਆਂ ਮੁੱਖ ਸੜਕਾਂ ਦੇ ਨਵੀਨੀਕਰਨ ਦਾ ਕੰਮ ਵੱਖ-ਵੱਖ ਪੜਾਅ ਵਿੱਚ ਚੱਲ ਰਿਹਾ ਹੈ। ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮਾਰਗ ਦਾ 13 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਜਾਰੀ ਹੈ, ਜੋ ਇੱਕ ਮਹੱਤਵਪੂਰਨ ਲਿੰਕ ਸੜਕ ਹੈ।

ਸ਼ਹੀਦੀ ਸ਼ਤਾਬਦੀ ਸਮਾਗਮਾਂ ਲਈ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਰਿਹਾਇਸ਼ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ ਦੀ ਸੁਵਿਧਾ ਉਪਲੱਬਧ ਕਰਵਾਈ ਹੈ। ਟੈਂਟ ਸਿਟੀ ਦਾ ਨਿਰਮਾਣ ਮੁਕੰਮਲ ਹੋ ਚੁੱਕਾ ਹੈ, ਜਿਸ ਵਿੱਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲੱਬਧ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ ਇਸ ਟੈਂਟ ਸਿਟੀ ਦੀ ਆਨਲਾਈਨ ਬੁਕਿੰਗ ਪੂਰੀ ਤਰ੍ਹਾਂ ਮੁਫ਼ਤ ਰਹੇਗੀ, ਤਾਂ ਜੋ ਹਰ ਸ਼ਰਧਾਲੂ ਆਸਾਨੀ ਨਾਲ ਯਾਤਰਾ ਦੀ ਯੋਜਨਾ ਬਣਾ ਸਕੇ।

ਇਸ ਪਵਿੱਤਰ ਮੌਕੇ ਨੂੰ ਸਮਰਪਿਤ ਚਾਰ ਅਲੌਕਿਕ ਨਗਰ ਕੀਰਤਨ ਵੀ ਸਜਾਏ ਜਾਣਗੇ, ਜਿਨ੍ਹਾਂ ਦੀ ਅਗਵਾਈ ਸੰਤ ਮਹਾਪੁਰਸ਼ ਕਰਨਗੇ। ਸੂਬਾ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸੇਵਾ ਲਈ ਹਰੇਕ ਸੰਭਵ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ 24 ਨਵੰਬਰ ਨੂੰ ਹੋਣ ਵਾਲਾ ਵਿਸ਼ੇਸ਼ ਪੰਜਾਬ ਵਿਧਾਨ ਸਭਾ ਸੈਸ਼ਨ ਵੀ ਨੋਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਹੋਵੇਗਾ। ਹਰਭਜਨ ਸਿੰਘ ਈ.ਟੀ.ਓ ਨੇ ਵਿਧਾਨ ਸਭਾ ਸੈਸ਼ਨ ਲਈ ਹੋ ਰਹੇ ਕੰਮਾਂ ਦਾ ਮੌਕੇ 'ਤੇ ਜਾਇਜ਼ਾ ਲਿਆ ਅਤੇ ਦੱਸਿਆ ਕਿ ਸਾਰੇ ਕੰਮ ਸਮੇਂ ਸਿਰ ਪੂਰੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦਾ ਯਤਨ ਹੈ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਣ ਵਾਲੇ ਇਤਿਹਾਸਕ ਸਮਾਗਮਾਂ ਦੌਰਾਨ ਹਰ ਸ਼ਰਧਾਲੂ ਨੂੰ ਸੁਵਿਧਾ, ਸੁਰੱਖਿਆ ਅਤੇ ਰੂਹਾਨੀ ਅਨੁਭਵ ਦਾ ਪੂਰਾ ਅਹਿਸਾਸ ਹੋਵੇ।

for more news visit:
www.samajweekly.com

ਮਹਾਨ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਕੌਮੀ ਪ੍ਰੈੱਸ ਦਿਵਸ – ਕ਼ਲਮ, ਕੁਰਬਾਨੀ ਅਤੇ ਕ੍ਰਾਂਤੀ ਦਾ ਇਤਿਹਾਸ

ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਕੌਮੀ ਪ੍ਰੈੱਸ ਦਿਵਸ—ਜਦੋਂ ਕਲਮ ਕ੍ਰਾਂਤੀ ਬਣੀ ਅਤੇ ਕੁਰਬਾਨੀ ਸੱਚ ਦੀ ਰੱਖਿਆ

ਗੁਰਭਿੰਦਰ ਗੁਰੀ
±00447951590424

ਸ਼ਹੀਦੀ ਅਤੇ ਪ੍ਰੈੱਸ ਦੀ ਸਾਂਝੀ ਰੂਹ 16 ਨਵੰਬਰ ਭਾਰਤ ਦੇ ਇਤਿਹਾਸ ਵਿੱਚ ਸਿਰਫ਼ ਇੱਕ ਤਾਰੀਖ ਨਹੀਂ — ਇਹ ਇੱਕ ਤਰ੍ਹਾਂ ਦਾ ਇਤਿਹਾਸੀ ਪ੍ਰਤੀਕ ਹੈ। ਇੱਕ ਪਾਸੇ ਇਹ ਤਾਰੀਖ ਗ਼ਦਰੀ ਲਹਿਰ ਦੇ ਸੂਰਮੇ, 19 ਸਾਲਾ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦਾ ਦਿਨ ਹੈ, ਤਾਂ ਦੂਜੇ ਪਾਸੇ ਇਹ ਕੌਮੀ ਪ੍ਰੈੱਸ ਦਿਵਸ ਵੀ ਹੈ, ਜਿਸ ਨੂੰ ਭਾਰਤ ਵਿੱਚ ਮੀਡੀਆ ਦੀ ਆਜ਼ਾਦੀ ਅਤੇ ਜ਼ਿੰਮੇਵਾਰੀਆਂ ਦੀ ਯਾਦ ਦਿਲਾਉਣ ਲਈ ਮਨਾਇਆ ਜਾਂਦਾ ਹੈ।

ਦੋਵੇਂ ਦਿਨਾਂ ਵਿੱਚ ਇੱਕ ਡੂੰਘਾ ਰਿਸ਼ਤਾ ਹੈ—ਇੱਕ ਜੰਗ ਆਜ਼ਾਦੀ ਦੀ ਸੀ, ਦੂਜੀ ਅੱਜ ਵੀ ਜਾਰੀ ਹੈ: ਸੱਚ ਲਿਖਣ ਅਤੇ ਜ਼ੁਲਮ ਦੇ ਖ਼ਿਲਾਫ਼ ਬੋਲਣ ਦਕਰਤਾਰ ਸਿੰਘ ਸਰਾਭਾ—ਇੱਕ ਜਵਾਨ, ਇੱਕ ਕ੍ਰਾਂਤੀ

ਜਨਮ ਅਤੇ ਬਾਲ ਜੀਵਨ

ਕਰਤਾਰ ਸਿੰਘ ਦਾ ਜਨਮ 24 ਮਈ 1896 ਨੂੰ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ ਹੋਇਆ। ਛੋਟੀ ਉਮਰ ਤੋਂ ਹੀ ਉਹ ਤੀਖ਼ੇ ਬੁੱਧੀ, ਬੋਲਡ, ਅਤੇ ਬਹਾਦੁਰ ਸਨ। ਨਵੀਂ ਸੋਚ ਅਤੇ ਪ੍ਰਭਾਵਸ਼ਾਲੀ ਵਿਅਕਤਿਤਵ ਨੇ ਉਸਨੂੰ ਕਦੇ ਵੀ ਸਿਰਫ਼ ਦਰਸ਼ਕ ਬਣ ਕੇ ਬੈਠਣ ਨਹੀਂ ਦਿੱਤਾ। ਉਹ ਕਰਮ ਦੇ ਪੂਜਾਰੀ ਸਨ।

ਅਮਰੀਕਾ ਜਾਣਾ: ਗ਼ਦਰ ਦੀ ਚਿੰਗਾਰੀ

ਦੇਸ਼ ਤੋਂ ਬਾਹਰ ਨੌਜਵਾਨਾਂ ਨੂੰ ਮਿਲੇ ਜ਼ੁਲਮ, ਨਸਲੀ ਭੇਦਭਾਵ ਅਤੇ ਬ੍ਰਿਟਿਸ਼ ਸ਼ਾਸਨ ਨੇ ਕਰਤਾਰ ਦੇ ਦਿਲ ਵਿਚ ਬਗਾਵਤ ਦੀ ਚਿੰਗਾਰੀ ਸਲਗਾ ਦਿੱਤੀ।

ਅਮਰੀਕਾ ਵਿੱਖੇ ਹੀ ਉਹ ਹਿੰਦੁਸਤਾਨੀ ਸੇਵਕ ਸਮਾਜ ਨਾਲ ਜੁੜੇ, ਜੋ ਬਾਅਦ ਵਿੱਚ ਗ਼ਦਰ ਪਾਰਟੀ ਬਣੀ।

ਗ਼ਦਰ ਲਹਿਰ ਅਤੇ ਸਰਾਭਾ ਦਾ ਯੋਗਦਾਨ

ਕਰਤਾਰ ਸਿੰਘ ਸਿਰਫ਼ ਇਕ ਮੈਂਬਰ ਨਹੀਂ ਸਨ, ਉਹ ਗ਼ਦਰ ਦੀ ਰੂਹ ਸਨ। ਉਹ ਪਾਰਟੀ ਦੇ ਅਖ਼ਬਾਰ ਗ਼ਦਰ ਦੇ ਮੁੱਖ ਲੇਖਕ ਅਤੇ ਛਾਪੇਖਾਨੇ ਦੇ ਸੰਚਾਲਕ ਸਨ। ਉਨ੍ਹਾਂ ਦੇ ਲੇਖਾਂ ਅਤੇ ਕਵਿਤਾਵਾਂ ਨੇ ਦੇਸ਼ ਵਿੱਚ ਕ੍ਰਾਂਤੀ ਦਾ ਲਹਿਰਾ ਵਗਾ ਦਿੱਤਾ—ਉਹ ਅਖ਼ਬਾਰ ਰਾਹੀਂ ਬਰਤਾਨਵੀ ਹਕੂਮਤ ਨੂੰ ਸੀਧੀ ਚੁਣੌਤੀ ਦਿੰਦੇ ਸਨ। ਇਹ ਲਿਖਤ ਹੀ ਉਹ ਹਥਿਆਰ ਸਨ ਜਿਨ੍ਹਾਂ ਨੇ ਜਗਾਇਆ, ਜੁੜਿਆ ਅਤੇ ਜੰਗ ਲਈ ਤਿਆਰ ਕੀਤਾ।

ਸਰਾਭਾ ਇਨਕਲਾਬ ਦੀ ਅਵਾਜ਼

"ਦੇਸ਼ ਨੂੰ ਸਾਡੀ ਲੋੜ ਹੈ, ਖੂਨ ਸਾਡਾ ਬਲੀ ਹੋਵੇ,
ਅਧੂਰਾ ਰਹਿੰਦਾ ਹਰੇਕ ਸੁਪਨਾ ਜੇ ਪਿਛੇ ਹਟ ਜਾਈਏ।"

ਇਹ ਛੰਦ ਮਾਤਰ ਸ਼ਬਦ ਨਹੀਂ ਸਨ — ਇਹ ਇਨਕਲਾਬ ਦਾ ਘੋਸ਼ਣਾ ਪੱਤਰ ਸਨ।

ਵਾਪਸੀ ਤੇ ਗ੍ਰਿਫ਼ਤਾਰੀ

1914 ਵਿੱਚ, ਉਹ ਦੇਸ਼ ਵਾਪਸ ਆਏ ਨਿਯਤ ਨਾਲ ਕਿ ਆਜ਼ਾਦੀ ਨੂੰਤੋਂ ਬਿਨਾਂ ਵਾਪਸ ਨਹੀਂ ਜਾਣਾ। ਪਰ ਬਰਤਾਨੀਆ ਨੂੰ ਖ਼ਬਰ ਪੈ ਗਈ। ਸਾਜ਼ਿਸ਼ ਕੇਸ ਰਚਿਆ ਗਿਆ। ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਅਦਾਲਤ ਵਿੱਚ ਪੁੱਛਿਆ ਗਿਆ: "ਕੀ ਤੁਸੀਂ ਜਾਣਦੇ ਸੀ ਕਿ ਦੇਸ਼ਦ੍ਰੋਹ ਦੇ ਦੋਸ਼ 'ਤੇ ਤੁਹਾਨੂੰ ਫਾਂਸੀ ਹੋ ਸਕਦੀ ਹੈ?"

ਉਸਨੇ ਹੱਸ ਕੇ ਕਿਹਾ: "ਹਾਂ, ਜੇ ਸੌ ਵਾਰ ਜ਼ਿੰਦਗੀ ਮਿਲੇ ਤਾਂ ਸੌ ਵਾਰ ਇਹੀ ਕਰਾਂਗਾ।"

ਸ਼ਹੀਦੀ (16 ਨਵੰਬਰ 1915)

ਸਿਰਫ਼ 19 ਸਾਲ ਦੀ ਉਮਰ ਵਿੱਚ, ਲਾਹੌਰ ਜੇਲ੍ਹ ਦੇ ਅੰਦਰ ਤਖ਼ਤ-ਏ-ਫ਼ਾਂਸੀ 'ਤੇ ਖੜ੍ਹਾ ਕਰਤਾਰ ਸਿੰਘ ਕਹਿੰਦਾ: "ਮੇਰੀ ਕੁਰਬਾਨੀ ਹੋਰ ਸੂਰਮਿਆਂ ਨੂੰ ਜਗਾਏਗੀ।" ਤੇ ਇਤਿਹਾਸ ਗਵਾਹ ਹੈ—ਉਹ ਸਹੀ ਸੀ।

ਕੌਮੀ ਪ੍ਰੈੱਸ ਦਿਵਸ – ਸੱਚ ਦੀ ਲੜਾਈ ਅਤੇ ਮੀਡੀਆ ਦੀ ਜ਼ਿੰਮੇਵਾਰੀ

ਕੌਮੀ ਪ੍ਰੈੱਸ ਦਿਵਸ 16 ਨਵੰਬਰ 1966 ਤੋਂ ਮਨਾਇਆ ਜਾ ਰਿਹਾ ਹੈ, ਇਸ ਦਿਨ ਭਾਰਤ ਵਿਚ ਪ੍ਰੈੱਸ ਕੌਂਸਿਲ ਆਫ਼ ਇੰਡੀਆ ਦੀ ਸਥਾਪਨਾ ਹੋਈ ਸੀ। ਇਸ ਦਾ ਮਕਸਦ ਸੀ — ਪ੍ਰੈੱਸ ਦੀ ਆਜ਼ਾਦੀ ਦੀ ਰੱਖਿਆ ਅਤੇ ਜ਼ਿੰਮੇਵਾਰ ਪੱਤਰਕਾਰਿਤਾ ਨੂੰ



ਉਤਸ਼ਾਹਿਤ ਕਰਨਾ।

ਪ੍ਰੈੱਸ ਦੀ ਭੂਮਿਕਾ: ਪਹਿਲਾਂ ਅਤੇ ਹੁਣ

ਗ਼ਦਰ ਲਹਿਰ ਦੇ ਦੌਰਾਨ ਪ੍ਰੈੱਸ ਦੀਆਂ ਪ੍ਰਤੀਆਂ ਨੂੰ ਹੱਥੋਂ ਹੱਥ ਪਹੁੰਚਾਇਆ ਜਾਂਦਾ ਸੀ, ਸੈਂਸਰਸ਼ਿਪ ਤੋਂ ਬਚਾਉਣ ਲਈ ਰਾਤਾਂ ਨੂੰ ਤਪਿਆ ਜਾਂਦਾ ਸੀ। ਅੱਜ ਵੀ, ਜਦੋਂ "ਫੇਕ ਨਿਊਜ਼", "ਕੌਰਪੋਰੇਟ ਕੰਟਰੋਲ" ਅਤੇ "ਪੇਡ ਨਿਊਜ਼" ਵਰਗੇ ਖ਼ਤਰੇ ਮੌਜੂਦ ਹਨ — ਆਜ਼ਾਦ ਪ੍ਰੈੱਸ ਦੀ ਮਹੱਤਤਾ ਹੋਰ ਵੱਧ ਗਈ ਹੈ।

ਮੀਡੀਆ ਅਤੇ ਕ੍ਰਾਂਤੀ: ਕਰਤਾਰ ਸਿੰਘ ਤੋਂ ਅੱਜ ਤੱਕਸਰਾਭਾ ਲਈ ਪ੍ਰੈੱਸ ਹਥਿਆਰ ਸੀ।ਅੱਜ ਦੇ ਆਜ਼ਾਦ ਪੱਤਰਕਾਰ ਲਈ ਪ੍ਰੈੱਸ ਜਵਾਬਦੇਹੀ ਹੈ।ਕਲਮ ਸਦਾ ਤਲਵਾਰ ਤੋਂ ਤੀਖੀ ਰਹੀ ਹੈ।

ਆਧੁਨਿਕ ਮੀਡੀਆ — ਚੁਣੌਤੀਆਂ ਅਤੇ ਸਿੱਖ

ਆਜ਼ਾਦੀ ਵੱਧੀ, ਪਰ ਦਬਾਅ ਵੀ ਵੱਧੇ ਰਾਜਨੀਤਕ ਦਬਾਅ ਪੱਤਰਕਾਰ ਮਾਲਕੀਸਾਈਬਰ ਹਮਲੇਟ੍ਰੋਲ ਸੱਭਿਆਚਾਰਸੱਚ ਲਿਖਣ ਦੀ ਕ਼ੀਮਤ

ਇਹ ਸਭ ਕੁਝ ਉਹੀ ਦਬਾਅ ਹਨ, ਸਿਰਫ਼ ਰੂਪ ਬਦਲੇ ਹਨ ਪਰ ਅਸਲ ਖ਼ਤਰਾ ਸੱਚ ਦੇ ਗੁਮ ਹੋ ਜਾਣ ਦਾ ਹੈ।

ਕਰਤਾਰ ਸਿੰਘ ਤੋਂ ਸਿੱਖਿਆਲਿਖਾਰੀ ਹੁੰਦਿਆਂ ਵੀ ਲੜਾਕੂ ਹੋ ਸਕਦੇ ਹਾਂ।ਪੱਤਰਕਾਰ ਸਿਰਫ਼ ਨਿਗਰਾਨ ਨਹੀਂ—ਵਿਰੋਧ ਵੀ ਹੈ।ਮੀਡੀਆ ਦਾ ਧਰਮ ਸਿਰਫ਼ ਖ਼ਬਰ ਨਹੀਂ—ਸਚਾਈ ਹੈ। ਕਰਤਾਰ ਸਿੰਘ ਸਰਾਭਾ ਨੇ ਕਹਿੰਦੇ ਹੋਏ ਫਾਂਸੀ ਲਈ ਗਈ: "ਮੇਰੀ ਲਾਸ਼ ਫਾਹੇ 'ਤੇ ਝੂਲਦੇ ਵੇਖ ਕੇ ਵੀ ਕਿਸੇ ਨੂੰ ਡਰ ਨਾ ਆਵੇ—ਇਹ ਸਫ਼ਰ ਜਾਰੀ ਰਹੇ।" ਅੱਜ ਵੀ 16 ਨਵੰਬਰ ਨੂੰ ਜਦੋਂ ਇੱਕ ਪਾਸੇ ਉਸਦੀ ਯਾਦ ਮਨਾਈ ਜਾਂਦੀ ਹੈ, ਦੂਜੇ ਪਾਸੇ ਕੌਮੀ ਪ੍ਰੈੱਸ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ:ਜਦ ਤੱਕ ਸੱਚ ਲਿਖਣ ਵਾਲੇ ਲੋਕ ਜਿੰਦੇ ਹਨ, ਮਲਕ ਦੀ ਆਜ਼ਾਦੀ ਵੀ ਜਿੰਦੀ ਹੈ।ਕਲਮ ਨਾਲ ਲੜ੍ਹੋ।ਸੱਚ ਨੂੰ ਨਾ ਵੇਚੋ।ਇਤਿਹਾਸ ਨੂੰ ਨਾ ਭੁੱਲੋ।

ਗੁਰਭਿੰਦਰ ਗੁਰੀ
±00447951590424

ਬਾਲ ਪੇਂਟਿੰਗ

ਸੁਖਮਨ ਸਿੰਘ , ਜਮਾਤ ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ ਢੇਰ , ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ ਰੂਪਨਗਰ (ਪੰਜਾਬ)
ਜਮਾਤ ਇੰਚਾਰਜ ਤੇ ਗਾਈਡ ਅਧਿਆਪਕ ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ 9478561356

ਆਵਾਜ਼ ਸੰਸਥਾ ਵਲੋਂ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਸਮਾਰੋਹ ਅੱਜ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਇਲਾਕੇ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਆਵਾਜ਼ ਇਲਾਕੇ ਅੰਦਰ ਪਿਛਲੇ ਲੰਬੇ ਸਮੇਂ ਤੋਂ ਬੱਚਿਆਂ ਨੂੰ ਪੜ੍ਹਾਈ ਅਤੇ ਖੇਡਾਂ ਨਾਲ ਜੋੜਨ ਲਈ ਦਿਨ ਰਾਤ ਯਤਨ ਕਰ ਰਹੀ ਹੈ। ਸਮੇਂ ਸਮੇਂ ਤੇ ਇਸ ਸੰਸਥਾ ਦੇ ਸਰਪ੍ਰਸਤ ਪ੍ਰੇਮਪਾਲ ਸਿੰਘ ਹੱਕਲਾ ਨਾਵਾਂਗਰਾਂ ਜਰਮਨੀ, ਬਾਬੂ ਤਰਸੇਮ ਲਾਲ ਖੇਪੜ ਭਵਾਨੀਪੁਰ ਅਮਰੀਕਾ, ਲੱਕੀ ਖੇਪੜ ਅਮਰੀਕਾ ਅਤੇ ਦਵਿੰਦਰ ਛਾਬਲਾ ਹਾਜੀਪੁਰ ਜਰਮਨੀ ਵਲੋਂ ਪੜ੍ਹਾਈ ਵਿਚ ਉੱਚ ਸਥਾਨ ਲਿਆਉਣ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਹੋਰ ਕਈ ਤਰੀਕਿਆਂ ਨਾਲ ਸਨਮਾਨਿਤ ਕਰਦੇ ਰਹਿੰਦੇ ਹਨ। ਸੰਸਥਾ ਦੇ ਸਰਪ੍ਰਸਤ ਪ੍ਰੇਮਪਾਲ ਸਿੰਘ ਹੱਕਲਾ ਨਾਵਾਂਗਰਾਂ ਜਰਮਨੀ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਸੀ ਕੜੀ ਤਹਿਤ ਅੱਜ ਬਲਾਚੌਰ ਦੇ ਨਵਾਂਪਿੰਡ ਟੱਪਰੀਆਂ ਵਿਚ ਬਾਲੀਵਾਲ ਖੇਡ ਮੈਦਾਨ ਵਿਚ ਅੰਡਰ 16 ਬਾਲੀਵਾਲ ਦੀ ਪੰਜਾਬ ਵਿਜੇਤਾ ਟੀਮ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਅਰਸ਼ਦੀਪ ਬਾਂਠ ਜੰਡੀ ਨੂੰ ਨੰਦਨੀ ਨਗਰ ਅਯੁੱਧਿਆ ਵਿਚ ਕਰਵਾਏ ਸੀਨੀਅਰ ਨੈਸ਼ਨਲ ਰੈਸਲਿੰਗ ਵਿੱਚ ਚਾਂਦੀ ਦੇ ਦੋ ਤਗਮੇ ਜਿੱਤਣ ਲਈ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਿੰਡ ਥੋਪੀਆ ਦੇ ਜੰਮਪਲ ਜਗਮੀਤ ਸਿੰਘ ਜੋ ਕਿ ਅਮਰੀਕਾ ਵਿਚ ਹੋਏ ਵਿਸ਼ਵ ਪੁਲਿਸ ਚੈਂਪੀਅਨਸ਼ਿਪ ਵਿਚ ਸੋਨ ਤਗਮਾ ਜਿੱਤ ਕੇ ਇਲਾਕੇ ਦਾ ਮਾਣ ਵਧਾਉਣ ਲਈ ਵੀ ਸਨਮਾਨਿਤ ਕੀਤਾ ਜਾਵੇਗਾ।

ਮੱਘਰ ਦੀ ਸੰਗਰਾਂਦ

ਮੱਘਰ ਦਾ ਮਹੀਨਾ ਭਾਗਾਂ ਭਰਿਆ ,
ਹੌਲ਼ੀ ਹੌਲ਼ੀ ਠੰਢ ਵਧਾਊ ।
ਵੱਡਿਆਂ ਘਰਾਂ ਨੂੰ ਫ਼ਰਕ 'ਨੀਂ ਪੈਣਾ,
ਮਾੜੂ ਨੂੰ ਫ਼ਿਕਰਾਂ ਵਿੱਚ ਪਾਊ।
ਭੁੱਖੇ ਤਿਹਾਏ ਕਿਰਤੀ ਤੇ ਕਾਮੇ ,
ਨਿੱਤ ਕਰਨਗੇ ਪਿੱਟ ਸਿਆਪਾ;
ਪਾੜੇ ਤੇ ਰਾਜ ਕਰੋ ਦੇ ਰਾਹੀਂ ,
ਸਿਆਸਤ ਅਪਣੇ ਰੰਗ ਵਿਖਾਊ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਰੁਲ਼ਦੂ ਦੇ ਸੁਪਨੇ ਵਿੱਚ ਕਰਤਾਰ

(16 ਨਵੰਬਰ ਲਈ ਵਿਸ਼ੇਸ਼)

ਰਾਤੀਂ ਸੀ ਮੇਰੇ ਸੁਪਨੇ ਵਿੱਚ ਕਰਤਾਰ ਸਰਾਭਾ ਆਇਆ।
ਮੇਰੇ ਸਨਮੁਖ ਮੇਰਾ ਲਿਖਿਆ ਕਾਵਿ ਟੋਟਾ ਦੁਹਰਾਇਆ ।
ਕਹਿੰਦਾ ਮੈਨੂੰ ਪਤਾ ਸੀ ਮੇਰਾ ਦੇਸ਼ ਆਜ਼ਾਦ ਤਾਂ ਹੋ ਜਾਊ ।
ਐਪਰ ਲਾਲਚ ਤੇ ਅਹੁਦਿਆਂ ਦੀ ਚਕਾਚੌਂਧ ਵਿੱਚ ਖੋ ਜਾਊ ।
ਲੋਕ ਰਾਜ ਦੀ ਵਾਗਡੋਰ ਮੁੜ ਕੇ ਰਾਜਿਆਂ ਦੇ ਹੱਥ ਆਊ ।
ਅੱਗੋਂ ਉਹਨਾਂ ਦੀ ਔਲਾਦ ਅਖੌਤੀ ਲੋਕ ਸੇਵਕ ਅਖਵਾਊ।
ਜਨਤਾ ਨੂੰ ਧਰਮਾਂ ਦੇ ਨਾਂ 'ਤੇ ਰੱਖਣ ਗੇ ਉਲਝਾਅ ਕੇ ।
ਜਾਤ ਪਾਤ ਦੀਆਂ ਵੰਡੀਆਂ ਦੇ ਨਾਲ਼ ਰੱਖਣੇ ਸਿੰਗ ਫਸਾ ਕੇ ।
ਮੈਂ ਪੁੱਛਿਆ ਕੋਈ ਹੱਲ ਵੀ ਦੱਸੋ,ਕੀ ਹੋਵੇ ਕਿੰਜ ਹੋਵੇ ।
ਬਹੁ - ਗਿਣਤੀ ਲੋਕਾਂ ਦਾ ਜਿਹੜਾ ਰੋਣਾ ਧੋਣਾ ਧੋਵੇ ।
ਕਹਿੰਦਾ ਕਲਮਾਂ ਦਾ ਹਥਿਆਰ ਨਾ ਹੋਇਆ ਜਦੋਂ ਤੱਕ ਤਿੱਖਾ।
ਓਨਾਂ ਚਿਰ ਏਕਾ 'ਨੀਂ ਹੋਣਾ ਨਾ ਹੋਇਆ ਕਦੇ ਮੈਂ ਡਿੱਠਾ ।
ਆ ਜੋ ਕਲਮਾਂ ਵਾਲ਼ੇ ਵੀਰਨੋਂ ਅਪਣੇ ਫ਼ਰਜ਼ ਪਛਾਣ 'ਲੀਏ ।
ਕੌਣ ਹੈ ਲਾਲੋ ਕੌਣ ਹੈ ਭਾਗੋ , ਦੁੱਧੋਂ ਪਾਣੀ ਛਾਣ 'ਲੀਏ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਸ਼ੇਰ-ਏ-ਪੰਜਾਬ

ਮੈਂ ਸੁਪਨੇ ਦੇ ਵਿੱਚ ਵੇਖਿਆ
ਇੱਕ ਸੋਹਣਾ ਘੋੜ-ਸਵਾਰ
ਸੀ ਖਾਲਸ ਰਾਜ ਦਾ ਖਾਲਸਾ
ਸਿਰ 'ਤੇ ਸੋਹਣੀ ਦਸਤਾਰ
ਜੋ ਮਹਾਂ ਸਿੰਘ ਦੀ ਅਣਖ ਸੀ
ਤੇ ਰਾਜ ਕੌਰ ਦਾ ਪਿਆਰ
ਜਿੰਨ੍ਹੇਂ ਸਾਰੀਆਂ ਮਿਸਲਾਂ ਜੋੜੀਆਂ
ਤੇ ਕੀਤੀ ਫ਼ੌਜ ਤਿਆਰ
ਜੋ ਸੂਬੇ ਦਾ ਜਰਨੈਲ ਸੀ
ਤੇ ਮੁੱਠੀ ਵਿੱਚ ਸਰਕਾਰ
ਉਹਨੇ ਹੱਥ ਨਾਗਣੀ ਫੜ੍ਹ ਲਈ
ਤੇ ਤੁਰ ਪਿਆ ਬੁੱਕਲ਼ ਮਾਰ
ਉਹ ਪਿੱਛੇ ਛੱਡ ਪਿਸ਼ੋਰ ਨੂੰ
ਤੇ ਅਟਕ ਕਰ ਗਿਆ ਪਾਰ
ਉਹਨੇ ਖ਼ੈਬਰ ਸਾਰਾ ਮੇਟ ਕੇ
ਦਿੱਤਾ ਜਮਰੌਦ ਉਸਾਰ
ਉਹ ਬੋਲੇ ਪਸ਼ਤੋ, ਫ਼ਾਰਸੀ
ਪੰਜਾਬੀ ਵਿੱਚ ਹੁਸ਼ਿਆਰ
ਸ਼ੇਰ-ਏ-ਪੰਜਾਬ ਕਹਾਂਵਦਾ
ਜੰਗਲ਼ ਦਾ ਰਾਜਾ ਮਾਰ
ਉਹਦੇ ਪੈਰ ਧਰਨ 'ਤੇ ਕੰਬਦੇ
ਅਫ਼ਗਾਨਾਂ ਦੇ ਕਿਰਦਾਰ
ਢਹਿ ਡਿੱਗੇ ਉਸਦੀ ਗਰਜਨਾ
ਸੁਣ ਕਾਬਲ ਤੇ ਕੰਧਾਰ
ਉਹ ਕਰਦਾ ਰਾਖੀ ਮੁਲਕ ਦੀ
ਇਕ ਮਹਾਂਰਾਜਾ ਦਿਲਦਾਰ
ਸੀ ਬੱਬਰ ਹਿੰਦੁਸਤਾਨ ਦਾ
ਤੇ ਸਿੱਖੀ ਦਾ ਵਿਸਥਾਰ
ਉਹਦੇ ਨਾਮ ਦੇ ਸਿੱਕੇ ਚੱਲਦੇ
ਜੋ ਸੀ ਪੂਰਾ ਹੱਕਦਾਰ
ਉਹਨੂੰ ਕੰਠ ਸੀ ਪੰਜੇ ਬਾਣੀਆਂ
ਤੇ ਹੁਕਮ ਸਦਾ ਦਰਕਾਰ

ਰਿਤੂ ਵਾਸੁਦੇਵ

ਵਿਅੰਗ : ਕਿਸ਼ਤਾਂ ਵਿੱਚ

ਉਹ ਲੈਂਦਾ ਹੈ ਮੇਰਾ ਇਮਤਿਹਾਨ, ਕਿਸ਼ਤਾਂ ਵਿੱਚ
ਲੱਗਦਾ ਉਹ ਕੱਡੇਗਾ ਮੇਰੀ ਜਾਨ,ਕਿਸ਼ਤਾਂ ਵਿੱਚ।

ਜਵਾਨੀ ਰੁੜ ਗਈ ਕਮਾਈਆਂ ਕਰਦੇ-ਕਰਦੇ,
ਨਾ ਬਣ ਪਾਇਆ ਕੋਈ ਮਕਾਨ, ਕਿਸ਼ਤਾਂ ਵਿੱਚ।

ਦਿੱਤਾ ਰੱਜ ਰੱਜ ਕਰਜ਼ਾ,ਬੈਂਕਾਂ ਤੇ ਆੜ੍ਹਤੀਆਂ ਨੇ,
ਬਣਾ ਦਿੱਤੀ ਮੁਸੀਬਤ ਭੁਗਤਾਨ,ਕਿਸ਼ਤਾਂ ਵਿੱਚ।

'ਬਾਬਿਆ' ਦੀ ਹੈ ਵੱਖੋ-ਵੱਖਰੀ,ਇੱਥੇ ਕਥਾ ਕਹਾਣੀ,
ਰਾਜਿਆਂ ਵਾਂਗੂ ਕਰਦੇ ਨੇ ਫ਼ਰਮਾਨ,ਕਿਸ਼ਤਾਂ ਵਿੱਚ।

ਲੀਡਰ ਬਣ ਕੇ ਪਾਲ ਲਏ ਨੇ,ਕੁੱਤੇ ਸ਼ੌਕ ਹੋਰ ਬਹੁਤ,
ਹੁਣ ਨਾ ਮੋੜਨਾ ਲੋਨ ਭਾਵੇਂ ਆਸਾਨ,ਕਿਸ਼ਤਾਂ ਵਿੱਚ।

ਆਪਣੇ ਹੱਥੀਂ ਮਾਪੇ, ਭੇਜ ਰਹੇ ਨੇ ਬਾਹਰ ਬੱਚਿਆ ਨੂੰ,
ਇੰਜ ਟੁੱਟ ਦੇ ਜਾ ਰਹੇ ਨੇ ਖ਼ਾਨਦਾਨ, ਕਿਸ਼ਤਾਂ ਵਿੱਚ।

ਮਾਂ ਬੋਲੀ ਤੋ ਅਣਜਾਣ ਕਿਉਂ, ਰਹਿਣ ਲੱਗੇ ਨੇ ਬੱਚੇ,
ਮਾਪੇ ਆਪੇ ਸਿਖਾਂਦੇ ਨੇ ਹੋਰ ਜ਼ੁਬਾਨ, ਕਿਸ਼ਤਾਂ ਵਿੱਚ।

ਜੇ ਇਹੋ ਚਲਨ ਰਿਹਾ ਤਾਂ,ਇੱਕ ਦਿਨ 'ਸੁਰਜੀਤ,'
ਮਿਟ ਜਾਏਗਾ ਤੇਰਾ ਨਾਮੋ-ਨਿਸ਼ਾਨ ਕਿਸ਼ਤਾਂ ਵਿੱਚ।

ਸੁਰਜੀਤ ਸਿੰਘ ਭੁੱਲਰ



ਬਾਲ ਮੇਲਾ ਧੂਮਧਾਮ ਨਾਲ ਮਨਾਇਆ ਗਿਆ

ਸ੍ਰੀ ਮੁਕਤਸਰ ਸਾਹਿਬ (ਰਮੇਸ਼ਵਰ ਸਿੰਘ) ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ ਵਿੱਚ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਦੇ ਤਹਿਤ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਨਰਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ ਵੱਖ ਗਤੀਵਿਧੀਆਂ ਵਿਚ ਭਾਗ ਲਿਆ। ਸਕੂਲ ਮੁੱਖੀ ਚਰਨਜੀਤ ਸਿੰਘ ਨੇ ਬੱਚਿਆ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਸਿੱਖਿਆ ਵਿਭਾਗ ਦੀਆਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਬੱਚਿਆਂ ਨੂੰ ਖੇਡ ਅਤੇ ਪੜ੍ਹਾਈ ਨਾਲ ਸਬੰਧਤ ਗਤੀਵਿਧੀਆਂ ਕਰਵਾਈਆਂ ਗਈਆਂ। ਮਿਊਜ਼ਿਕ ਸਿਸਟਮ ਦੀ ਮਦਦ ਨਾਲ ਕੀਤੀਆਂ ਗਤੀਵਿਧੀਆਂ ਦਾ ਬੱਚਿਆ ਨੇ ਪੂਰਾ ਅਨੰਦ ਲਿਆ। ਵਿੱਦਿਅਕ ਗਤੀਵਿਧੀਆਂ ਵਿਚ ਮੋਹਰੀ ਰਹੇ ਬੱਚਿਆਂ ਨੂੰ ਟਰਾਫੀ, ਮੈਡਲ, ਨੋਟਬੁੱਕ, ਕਲਰ ਬਾਕਸ, ਪੈਨਸਿਲ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ। ਬਾਲ ਮੇਲੇ ਵਿੱਚ ਬੱਚਿਆਂ ਦੇ ਹਾਜ਼ਰ ਹੋਈ ਮਾਪਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ। ਪ੍ਰੀ ਪ੍ਰਾਇਮਰੀ ਦੇ 10 ਬੱਚਿਆਂ ਦੁਆਰਾ ਆਪਣੇ ਮਾਤਾ ਪਿਤਾ ਨਾਲ ਪੌਦਾ ਲਗਵਾ ਕੇ ਯਾਦਗਾਰੀ ਫੋਟੋਆਂ ਖਿਚਵਾਈਆਂ ਗਈਆਂ। ਇਸ ਮੌਕੇ ਤੇ ਲਗਾਏ ਦਾਖ਼ਲਾ ਰਜਿਸਟਰੇਸ਼ਨ ਕਾਊਂਟਰ ਤੇ ਪੰਜ ਨਵੇਂ ਬੱਚਿਆਂ ਦਾ ਦਾਖਲਾ ਕੀਤਾ ਗਿਆ। ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੁਆਰਾ ਮਨਮੋਹਕ ਡਾਂਸ ਵੀ ਪੇਸ਼ ਕੀਤਾ ਗਿਆ। ਇਸ ਬਾਲ ਦਿਵਸ ਸਮਾਗਮ ਨੂੰ ਸਫਲ ਬਨਾਉਣ ਲਈ ਪ੍ਰਥਮ ਦੇ ਜਿਲ੍ਹਾ ਕੋਆਰਡਨੇਟਰ ਸੰਦੀਪ ਕੁਮਾਰ ਦੁਆਰਾ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਕੂਲ ਸਟਾਫ਼ ਬੇਅੰਤ ਕੌਰ,ਨੀਰਜ ਕੁਮਾਰ, ਸੁਖਵਿੰਦਰ ਸਿੰਘ, ਗੁਰਜੀਤ ਕੌਰ, ਅਮਨਦੀਪ ਕੌਰ ਬਰਾੜ ਅਤੇ ਅਮਨਦੀਪ ਕੌਰ ਭੁੱਲਰ ਹਾਜ਼ਰ ਸਨ।

ਜਲਦ ਕਰਵਾਇਆ ਜਾਵੇਗਾ ਜੱਥੇਬੰਦਕ ਸੰਮੇਲਨ-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ

ਨਵਾਂਸ਼ਹਿਰ/ਰਾਹੋਂ (ਜਤਿੰਦਰ ਪਾਲ ਸਿੰਘ ਕਲੇਰ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਰਾਹੋਂ ਦੇ ਡਾਕਟਰਾਂ ਦੀ ਮਹੀਨਾਵਾਰ ਮੀਟਿੰਗ ਹੋਈ,

ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਡਾ.ਕਸ਼ਮੀਰ ਸਿੰਘ ਢਿੱਲੋਂ ਅਤੇ ਜ਼ਿਲ੍ਹਾ ਵਾਇਸ ਸਕੱਤਰ ਡਾ.ਸੰਦੀਪ ਜੋਸ਼ੀ,ਅਗਾਂਹ ਹੋਣ ਵਾਲ਼ੇ ਜੱਥੇਬੰਦਕ ਸੰਮੇਲਨ ਦੇ ਮੱਦੇਨਜ਼ਰ ਰਾਹੋਂ ਵਿਖ਼ੇ ਖਾਸ ਤੌਰ ਤੇ ਪਹੁੰਚੇ,

ਬਲਾਕ ਪ੍ਰਧਾਨ ਡਾ.ਕੁਲਵਿੰਦਰ ਸਿੰਘ ਨੇ ਬਲਾਕ ਦੇ ਨਾਲ਼,ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਸਕੱਤਰ ਦਾ,ਕਲੀਆਂ ਦੇ ਬੂਟਿਆਂ ਨਾਲ਼ ਸਵਾਗਤ ਅਤੇ ਸਨਮਾਨ ਕੀਤਾ,

ਡਾ.ਕਸ਼ਮੀਰ ਸਿੰਘ ਢਿੱਲੋਂ ਨੇ ਦੱਸਿਆ ਕਿ 30 ਅਕਤੂਬਰ ਨੂੰ ਤਰਨਤਾਰਨ ਗੋਇੰਦਵਾਲ ਵਿਖ਼ੇ ਸੂਬਾ ਕਮੇਟੀ ਨਾਲ਼ ਹੋਈ ਮੀਟਿੰਗ ਵਿੱਚ ਕਨਵੈਸ਼ਨ ਕਰਾਉਣ ਦਾ ਫ਼ੈਸਲਾ ਲਿਆ ਗਿਆ ਸੀ,ਇਹ ਐਸੋਸੀਏਸ਼ਨ ਦੀ ਸੱਤਵੀਂ ਕਨਵੈਂਸ਼ਨ ਹੋਵੇਗੀ,ਜਿਸਦੀ ਤਰੀਕ ਫ਼ੈਸਲਾ ਕਰਕੇ 25 ਨਵੰਬਰ ਨੂੰ ਜ਼ਿਲ੍ਹੇ ਦੀ ਮੀਟਿੰਗ ਵਿੱਚ ਦੱਸ ਦਿੱਤੀ ਜਾਵੇਗੀ, ਡਾ.ਕਸ਼ਮੀਰ ਸਿੰਘ ਢਿੱਲੋਂ ਨੇ ਬਾਲ ਦਿਵਸ ਦੇ ਮੌਕੇ ਤੇ ਕਿਹਾ,ਬਾਲ ਦਿਵਸ ਬੱਚਿਆਂ ਦੀ ਸਵਤੰਤਰਤਾ ਦਾ ਦਿਨ ਹੈ,ਬੱਚਿਆਂ ਦੀ ਜਿੰਦਗੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਵੱਲ ਸਾਨੂੰ ਸਭ ਨੂੰ ਧਿਆਨ ਦੇਣਾਂ ਚਾਹੀਦਾ ਹੈ,ਖਾਸ ਕਰਕੇ ਬੱਚਿਆਂ ਦੀ ਸਿਹਤ ਅਤੇ ਮਾਨਸਿਕ ਸਥਿਤੀ ਦਾ ਜਾਇਜ਼ਾ ਲੈਂਦੇ ਰਹਿਣਾਂ ਚਾਹੀਦਾ ਹੈ,ਗਰੀਬ ਅਤੇ ਮਜ਼ਬੂਰ ਬੱਚਿਆਂ ਦੀ ਸਹਾਇਤਾ ਕਰਕੇ ਸਾਨੂੰ ਬਾਲ ਮਜ਼ਦੂਰੀ ਤੋਂ ਬੱਚਿਆਂ ਨੂੰ ਆਜ਼ਾਦ ਕਰਵਾਉਣਾ ਚਾਹੀਦਾ ਹੈ,ਆਜ਼ਾਦੀ ਦਾ ਮਤਲਬ ਹੀ ਬੱਚਿਆਂ ਦੀ ਜਿੰਦਗੀ ਦੀ ਸਥਿਤੀ ਤੋਂ ਜ਼ਾਹਿਰ ਹੁੰਦਾ ਹੈ,ਬੱਚਿਆਂ ਦਾ ਆਜ਼ਾਦ ਹੋਣਾਂ ਹੀ ਦੇਸ਼ ਦੇ ਉੱਜਵਲ ਭਵਿੱਖ ਦੀ ਨਿਸ਼ਾਨੀ ਹੈ,

ਡਾ.ਸੰਦੀਪ ਜੋਸ਼ੀ ਨੇ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਵਲੋਂ ਮਰੀਜਾਂ ਦੀਆਂ ਮ੍ਰਿਤਕ ਦੇਹਾਂ ਨੂੰ ਬਦਲਕੇ,ਬੰਦੇ ਦੀ ਥਾਂ ਔਰਤ ਅਤੇ ਔਰਤ ਦੇ ਪਰਿਵਾਰ ਵਾਲਿਆਂ ਨੂੰ ਇੱਕ ਮਰਦ ਮਰੀਜ਼ ਦੀ ਲਾਸ਼ ਦੇ ਦਿੱਤੇ ਜਾਣ ਵਰਗੀ ਵੱਡੀ ਅਣਗਹਿਲੀ ਕਰਨ ਦਾ ਵਿਰੋਧ ਕਰਦੇ ਕਿਹਾ,ਅਜਿਹੀਆਂ ਘਟਨਾਵਾਂ ਜਿੱਥੇ ਡਾਕਟਰ ਵਰਗ ਨੂੰ ਬਦਨਾਮ ਕਰਦੀਆਂ ਹਨ,ਉੱਥੇ ਹੀ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਗੈਰ-ਜਿੰਮੇਦਾਰ ਸਿਹਤ ਸਹੂਲਤਾਂ ਦੀ ਪੋਲ ਖੋਲਦੀਆਂ ਹਨ,ਡਾ. ਜੋਸ਼ੀ ਨੇ ਕਿਹਾ ਇਸ ਮਾਮਲੇ ਦੀ ਤਹਿ ਤੱਕ ਜਾਂਚ ਹੋਣੀ ਚਾਹੀਦੀ ਹੈ,

ਜ਼ਿਲ੍ਹਾ ਚੇਅਰਮੈਨ ਡਾ.ਟੇਕ ਚੰਦ ਸੈਣੀ ਨੇ 10 ਨਵੰਬਰ ਨੂੰ ਗੁਰਦਵਾਰਾ ਸੀਸ ਗੰਜ ਅਤੇ ਲਾਲ ਕਿਲ੍ਹੇ ਦੇ ਨਜ਼ਦੀਕ ਹੋਏ ਕਾਰ ਬੰਬ ਧਮਾਕੇ ਦਾ ਜ਼ਿਲ੍ਹੇ ਵਲੋਂ ਵਿਰੋਧ ਕੀਤਾ,ਇਸ ਦੁਰਘਟਨਾ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾਂ ਕਰਦੇ,ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਅਪੀਲ ਕੀਤੀ

ਬਲਾਕ ਪ੍ਰਧਾਨ ਡਾ.ਕੁਲਵਿੰਦਰ ਸਿੰਘ ਨੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਮਾਮਲੇ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ ਅਤੇ ਕਿਹਾ ਕਿ ਜਲਦ ਹੀ ਐਸੋਸੀਏਸ਼ਨ ਵਲੋਂ ਚੰਡੀਗੜ੍ਹ ਜਾਣ ਦਾ ਉਪਰਾਲਾ ਕੀਤਾ ਜਾਵੇਗਾ,

ਜ਼ਿਲ੍ਹਾ ਵਾਇਸ ਕੈਸ਼ੀਅਰ ਡਾ.ਬਿਮਲ ਕੁਮਾਰ ਨੇ 20 ਨਵੰਬਰ 2025 ਦਿਨ ਵੀਰਵਾਰ ਨੂੰ ਪਿੰਡ ਸਹਾਪੁਰ ਵਿਖ਼ੇ ਕ੍ਰਾਂਤੀਕਾਰੀ ਅਮਰ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਜੀ ਦੀ ਬਰਸੀ 'ਤੇ ਜਾਣ ਬਾਰੇ ਕਿਹਾ ਕਿ ਜ਼ਿਲ੍ਹੇ ਵਲੋਂ ਹਰ ਸਾਲ ਸੰਘਾ ਜੀ ਦੀ ਬਰਸੀ ਤੇ ਉਹਨਾਂ ਨੂੰ ਸ਼ਰਧਾਂਜਲੀ ਦੇਂਣ ਜਾਇਆ ਜਾਂਦਾ ਹੈ,ਏਸ ਵਾਰ ਵੀ ਬਲਾਕ ਰਾਹੋਂ ਦੇ ਸਾਰੇ ਡਾਕਟਰ ਸਾਥੀ ਵੀ ਜ਼ਿਲ੍ਹੇ ਨਾਲ਼ ਪਿੰਡ ਸਹਾਪੁਰ ਲਈ ਰਵਾਨਾ ਹੋਣਗੇ,

ਇਸ ਮੌਕੇ ਡਾ.ਕੁਲਵਿੰਦਰ ਸਿੰਘ, ਡਾ.ਟੇਕ ਚੰਦ ਸੈਣੀ,ਡਾ.ਬਿਮਲ ਕੁਮਾਰ, ਡਾ.ਸੁਰਿੰਦਰ ਸਿੰਘ,ਡਾ.ਤਰਸੇਮ,ਡਾ.ਰਣਜੀਤ ਸਿੰਘ,ਡਾ. ਪਰਮਿੰਦਰ ਸਿੰਘ,ਡਾ. ਰਮਨਦੀਪ ਸਿੰਘ,ਡਾ.ਗੁਰਦੇਵ ਫਾਂਬੜਾ, ਡਾ. ਰਜਵਿੰਦਰ ਕੌਰ,ਡਾ. ਜਗਤਾਰ ਰਾਮ,ਡਾ. ਰਮਨਦੀਪ ਕੁਮਾਰ,ਡਾ.ਸੰਜੇ ਸ਼ਰਮਾਂ,ਡਾ. ਜਗਜੀਤ ਸਿੰਘ,ਡਾ.ਜਸਵਿੰਦਰ ਪਾਲ ਆਦਿ ਹਾਜ਼ਿਰ ਸਨ।

ਸਮਾਜ ਵੀਕਲੀ ਨਿਊਜ

700.65 ਲੱਖ ਦੀ ਲਾਗਤ ਨਾਲ 18 ਫੁੱਟ ਬਣਨ ਵਾਲੀ ਸੜਕ ਦਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਰੱਖਿਆ ਨੀਂਹ ਪੱਥਰ

ਘਨੋਲੀ ਤੇ ਬੜਾ ਪਿੰਡ ਵਾਸੀਆਂ ਨੂੰ ਮਿਲੇਗੀ ਸੁਚਾਰੂ ਆਵਾਜਾਈ ਦੀ ਸਹੂਲਤ– ਕੈਬਨਿਟ ਮੰਤਰੀ

ਰੂਪਨਗਰ /ਕੀਰਤਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ 700.65 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਨੂੰ 18 ਫੁੱਟ ਕਰਨ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਸੜਕ ਨਾਲ ਘਨੋਲੀ ਤੋਂ ਬੜਾ ਪਿੰਡ ਮਾਰਕੀਟ ਕਮੇਟੀ ਦੇ ਲੋਕਾਂ ਨੂੰ ਲਾਭ ਪਹੁੰਚੇਗਾ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕੋਟਬਾਲਾ ਤੇ ਅਵਾਨਕੋਟ ਦੀਆਂ ਫਿਰਨੀਆਂ ਦਾ ਵੀ ਕੰਮ ਜਲਦੀ ਸੁਰੂ ਕੀਤਾ ਜਾਵੇਗਾ।

ਇਸ ਸੜਕ ਦੇ ਨਿਰਮਾਣ ਨਾਲ ਘਨੋਲੀ, ਅਵਾਨਕੋਟ, ਖਰੋਟਾ ਅਤੇ ਬੜਾ ਪਿੰਡ ਸਮੇਤ ਆਸ-ਪਾਸ ਦੇ ਕਈ ਪਿੰਡਾਂ ਨੂੰ ਸਿੱਧਾ ਲਾਭ ਪਹੁੰਚੇਗਾ। ਇਹ ਇਲਾਕੇ ਲੰਮੇ ਸਮੇਂ ਤੋਂ ਸੁਚਾਰੂ ਆਵਾਜਾਈ ਦੀ ਲੋੜ ਮਹਿਸੂਸ ਕਰ ਰਹੇ ਸਨ ਅਤੇ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਸਥਾਨਕ ਵਾਸੀਆਂ ਦੀ ਪੁਰਾਣੀ ਮੰਗ ਪੂਰੀ ਹੋਈ ਹੈ। ਸੜਕ ਨਿਰਮਾਣ ਦੇ ਨਾਲ ਨਾ ਸਿਰਫ਼ ਸੁਵਿਧਾ ਵਧੇਗੀ, ਬਲਕਿ ਇਲਾਕੇ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਵੀ ਨਵੀਂ ਗਤੀ ਮਿਲੇਗੀ।

ਸ. ਬੈਂਸ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਹਨਾਂ ਦੱਸਿਆ ਕਿ ਸੜਕਾਂ ਦਾ ਪੱਕਾ ਅਤੇ ਚੌੜਾ ਹੋਣਾ ਸਿਰਫ਼ ਆਵਾਜਾਈ ਨਹੀਂ, ਸਗੋਂ ਇਲਾਕੇ ਦੇ ਕੁੱਲ ਵਿਕਾਸ ਨਾਲ ਸਿੱਧਾ ਸੰਬੰਧਿਤ ਹੈ। ਉਹਨਾਂ ਕਿਹਾ ਕਿ ਗਰੀਬ ਅਤੇ ਆਮ ਲੋਕਾਂ ਦੀ ਜ਼ਿੰਦਗੀ ਸੁਚਾਰੂ ਬਣਾਉਣਾ ਸਰਕਾਰ ਦੀ ਪਹਿਲ ਹੈ ਅਤੇ ਇਸੇ ਦ੍ਰਿੜਤਾ ਨਾਲ ਵਿਕਾਸ ਪ੍ਰੋਜੈਕਟ ਲਗਾਤਾਰ ਚੱਲ ਰਹੇ ਹਨ।

ਕੈਬਨਿਟ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਕੋਟਬਾਲਾ ਅਤੇ ਅਵਾਨਕੋਟ ਪਿੰਡਾਂ ਦੀਆਂ ਫਿਰਨੀਆਂ ਦਾ ਕੰਮ ਵੀ ਜਲਦ ਹੀ ਸ਼ੁਰੂ ਕੀਤਾ ਜਾਵੇਗਾ। ਇਹ ਕੰਮ ਪਿੰਡਾਂ ਦੀਆਂ ਅੰਦਰੂਨੀ ਸੜਕਾਂ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਸਧਾਰਨ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਉਹਨਾਂ ਕਿਹਾ ਕਿ ਇਲਾਕਿਆਂ ਦੇ ਲੋਕਾਂ ਦੀਆਂ ਮੰਗਾਂ ਅਤੇ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰੋਜੈਕਟਾਂ ਦੀ ਯੋਜਨਾ ਬਣਾਈ ਜਾ ਰਹੀ ਹੈ।

ਸਥਾਨਕ ਨਿਵਾਸੀਆਂ ਅਤੇ ਪੰਚਾਇਤ ਪ੍ਰਧਾਨਾਂ ਨੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੜਕ ਦੇ ਨਿਰਮਾਣ ਨਾਲ ਉਨ੍ਹਾਂ ਨੂੰ ਲੰਮੇ ਸਮੇਂ ਤੋਂ ਦਰਪੇਸ਼ ਆਵਾਜਾਈ ਦੀ ਪਰੇਸ਼ਾਨੀ ਤੋਂ ਛੁਟਕਾਰਾ ਮਿਲੇਗਾ। ਇਲਾਕੇ ਦੇ ਕਿਸਾਨਾਂ ਲਈ ਵੀ ਇਹ ਸੜਕ ਮਹੱਤਵਪੂਰਨ ਸਾਬਤ ਹੋਵੇਗੀ, ਕਿਉਂਕਿ ਇਸ ਨਾਲ ਫਸਲਾਂ ਅਤੇ ਹੋਰ ਸਮਾਨ ਦੀ ਆਵਾਜਾਈ ਸੌਖੀ ਹੋਵੇਗੀ।

ਇਸ ਮੌਕੇ ਜੁਝਾਰ ਸਿੰਘ ਮੁਲਤਾਨੀ ਮੈਂਬਰ ਸੈਣੀ ਵੈਲਫੇਅਰ ਬੋਰਡ, ਬਲਵਿੰਦਰ ਕੌਰ, ਸਤਨਾਮ ਸਿੰਘ, ਹਰਭਜਨ ਸਿੰਘ, ਕਰਤਾਰ ਸਿੰਘ ਸਰਪੰਚ ਕੋਟਬਾਲਾ, ਸੀਤਾ ਰਾਮ, ਅਵਤਾਰ ਸਿੰਘ, ਸੋਹਣ ਮੁਹੰਮਦ ਸਰਪੰਚ, ਮੋਹਣ ਸਿੰਘ, ਨਵਪ੍ਰੀਤ ਸਿੰਘ, ਗੁਰਦੇਵ ਸਿੰਘ, ਗੁਰਜੀਵਨ ਸਿੰਘ, ਗੁਰਬਖਸ਼ ਸਿੰਘ, ਰਾਮ ਸਿੰਘ ਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

ਸ਼ਰਮ ਕਿਉਂ ਨਹੀਂ ਆਉਂਦੀ

ਜਿਹੜੇ ਲੋਕ ਆਪਣੀਆਂ ਬੇਟੀਆਂ ਦੇ ਬਰਾਬਰ ਲੜਕੀਆਂ ਦਾ ਬਲਾਤਕਾਰ ਕਰਦੇ ਹਨ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।
ਕਾਫੀ ਤਨਖਾਹ ਦੇ ਬਾਵਜੂਦ ਵੀ ਜਿਹੜੇ ਲੋਕ ਦੂਜਿਆਂ ਤੋਂ ਰਿਸ਼ਵਤ ਲੈਂਦੇ ਹਨ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।
ਜਨਮ ਦੇਣ ਵਾਲੇ ਮਾਂ ਪਿਓ ਨੂੰ ਜਿਹੜੇ ਨੌਜਵਾਨ ਵਿਰਧ ਆਸ਼ਰਮ ਭੇਜਦੇ ਹਨ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।
ਜਿਹੜੇ ਰਾਜਨੇਤਾ ਲੋਕਾਂ ਨੂੰ ਝੂਠਾ ਭਰੋਸਾ ਦੇ ਕੇ ਵੋਟ ਲੈਂਦੇ ਹਨ ਤੇ ਉਹਨਾਂ ਨੂੰ ਪੂਰਾ ਨਹੀਂ ਕਰਦੇ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।
ਜਿਹੜੇ ਲੋਕ ਧਰਮ ਦੇ ਨਾਂ ਤੇ ਲੋਕਾਂ ਨਾਲ ਠੱਗੀਆਂ ਕਰਦੇ ਹਨ ਅਤੇ ਔਰਤਾਂ ਦੀ ਇੱਜ਼ਤ ਨਾਲ ਖੇਡਦੇ ਹਨ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।
ਜਿਹੜੇ ਲੋਕ ਘਰ ਦੇ ਮੱਤ ਭੇਦਾਂ ਨੂੰ ਦੂਜਿਆਂ ਨੂੰ ਦੱਸ ਕੇ ਘਰ ਬਰਬਾਦ ਕਰਵਾਉਂਦੇ ਹਨ
ਉਹਨਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।

ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 1635 9045
ਰੋਹਤਕ ਹਰਿਆਣਾ

ਜੀਵਨ ਅਤੇ ਸੰਘਰਸ਼

ਜਨਮ: ਬਿਰਸਾ ਮੁੰਡਾ ਦਾ ਜਨਮ 15 ਨਵੰਬਰ, 1875 ਨੂੰ ਉਲੀਹਾਤੂ, ਝਾਰਖੰਡ ਵਿੱਚ ਹੋਇਆ ਸੀ।

ਸਿੱਖਿਆ: ਉਨ੍ਹਾਂ ਨੇ ਥੋੜ੍ਹੀ ਜਿਹੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਇੱਕ ਮਿਸ਼ਨਰੀ ਸਕੂਲ ਵਿੱਚ ਵੀ ਗਏ ਸੀ।

ਸੰਘਰਸ਼: ਉਨ੍ਹਾਂ ਨੇ ਬ੍ਰਿਟਿਸ਼ ਸ਼ਾਸਨ ਅਤੇ ਜ਼ਿਮੀਂਦਾਰਾਂ ਦੇ ਸ਼ੋਸ਼ਣ ਵਿਰੁੱਧ ਆਪਣਾ ਸੰਘਰਸ਼ ਸ਼ੁਰੂ ਕੀਤਾ, ਜਿਸ ਨੂੰ 'ਉਲਗੁਲਾਨ' (ਬਗਾਵਤ) ਕਿਹਾ ਜਾਂਦਾ ਹੈ।

ਸਮਾਜਿਕ ਅਤੇ ਧਾਰਮਿਕ ਸੁਧਾਰ: ਉਨ੍ਹਾਂ ਨੇ ਆਪਣੇ ਲੋਕਾਂ ਨੂੰ ਬ੍ਰਿਟਿਸ਼ ਸ਼ੋਸ਼ਣ ਵਿਰੁੱਧ ਲਾਮਬੰਦ ਕੀਤਾ, ਕਬਾਇਲੀ ਸੱਭਿਆਚਾਰ ਅਤੇ ਰੀਤੀ-ਰਿਵਾਜਾਂ ਦੀ ਰੱਖਿਆ ਕੀਤੀ ਅਤੇ ਸਮਾਜਿਕ ਸੁਧਾਰਾਂ ਨੂੰ ਉਤਸ਼ਾਹਿਤ ਕੀਤਾ।



ਕਬਾਇਲੀ ਅਧਿਕਾਰ: ਉਨ੍ਹਾਂ ਨੇ ਕਬਾਇਲੀ ਲੋਕਾਂ ਦੇ ਜ਼ਮੀਨ ਅਤੇ ਜੰਗਲੀ ਅਧਿਕਾਰਾਂ ਦੀ ਬਹਾਲੀ ਲਈ ਲੜਾਈ ਲੜੀ।

ਨਿਡਰਤਾ ਅਤੇ ਵਿਰਸਾ: ਉਹ ਬਹਾਦਰੀ ਅਤੇ ਨੇਤਾਤਵ ਦਾ ਪ੍ਰਤੀਕ ਸਨ ਅਤੇ ਉਨ੍ਹਾਂ ਦੀ ਸਖਤ ਮਿਹਨਤ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਵੱਡਾ ਯੋਗਦਾਨ ਪਾਇਆ।

ਮੌਤ ਅਤੇ ਵਿਰਾਸਤ

ਗ੍ਰਿਫ਼ਤਾਰੀ ਅਤੇ ਮੌਤ: 1900 ਵਿੱਚ ਬ੍ਰਿਟਿਸ਼ ਫ਼ੌਜਾਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 9 ਜੂਨ, 1900 ਨੂੰ ਰਾਂਚੀ ਜੇਲ੍ਹ ਵਿੱਚ ਹੈਜ਼ਾ ਹੋਣ ਕਾਰਨ 25 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

'ਜਨਜਾਤੀ ਗੌਰਵ ਦਿਵਸ': ਉਨ੍ਹਾਂ ਦੇ ਜਨਮ ਦਿਨ, 15 ਨਵੰਬਰ ਨੂੰ, ਭਾਰਤ ਸਰਕਾਰ ਨੇ 2021 ਵਿੱਚ 'ਜਨਜਾਤੀ ਗੌਰਵ ਦਿਵਸ' (ਕਬਾਇਲੀ ਮਾਣ ਦਿਵਸ) ਐਲਾਨਿਆ।

ਸਿੱਖਿਆ ਅਤੇ ਮਾਣ: ਬਿਰਸਾ ਮੁੰਡਾ ਸਾਡੇ ਦੇਸ਼ ਦੇ ਗੌਰਵ ਅਤੇ ਪ੍ਰੇਰਨਾ ਸਰੋਤ ਹਨ, ਜੋ ਸਾਨੂੰ ਨਿਆਂ ਅਤੇ ਸੱਚ ਲਈ ਲੜਨ ਲਈ ਪ੍ਰੇਰਿਤ ਕਰਦੇ ਹਨ।

ਚਰਨਜੀਤ ਸੱਲ੍ਹਾਂ

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੁਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਦਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਕੋਲੇ ਦੇ ਦਿਲ (Acne), ਝਿਨਸੀ, ਝਿਤੀ (Pigmentation), ਝੁਰੜੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਗੁਰਦੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਹੀਣਤਾ (Anaemia), ਭਾਰ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਬੇਚੈਨੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਵੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਥੁਕਵਟ ਦਾ ਮੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਨੱਸ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਸਿਆਂ ਕਾਰਨ ਸ਼ਰੀਰਕ ਕੰਡੀਸ਼ਨ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਲੇਵਲ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸ਼ਰੀਰਕ ਅਤੇ ਜਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਗੋਲ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਪਰਮ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਜਲਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਕੋਰਡ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਨਸਨਾ ਵਰਗੇ ਹੋਰਨਾਂ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਅਤ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਦੇਰ ਨਾਲ ਆਉਣਾ ਜਾਂ ਬਹੁ ਮਾਤਰਾ ਵਿੱਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਦੇ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁਧ ਬੰਦ, ਬੱਚੇਦਾਨੀ (Uterus) ਵਿੱਚ ਵਾਧੂ ਦਾ ਸਥਨ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਥੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਗਲਥੇ (Ovarian Cysts), ਯੋਨੀ ਦੀ ਇਕਸਮਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਲੰਮਾ ਵੇਰ ਸਮੇਂ ਸੁਮਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਭੋਰਬੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਰਾਂ ਪੰਜਿਕਾ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਖਤ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ ਚ ਵਾਧਾ ਕਰਕੇ ਖੁਸ਼ਕਤੀ ਅਤੇ ਤਾਜ਼ਗੀ ਪ੍ਰਦਾਨ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਚੀਜ਼ਾਂ ਦਵਾਈ ਨੂੰ ਸਹਜ ਕਰਕੇ ਹੈ -**£59**

ਨੁਸਖਾ ਨੰਬਰ 9 (IN CAPSULES) ਬੱਚਾ ਰਹੀ ਉਮਰ ਵਿਚ ਘਟ ਰਹੀ ਹਾਰਮੋਨਜ਼ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਖੁਸ਼ਕਤੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਲਤਫਹਮੀਆਂ, ਮੁਫ਼ਤ ਦੀ ਬਦਨੀ (ANXIETY) ਵਿਚ ਬਹੁਤ ਲਾਭ ਲੈਣੀਪੋਰੇ ਬੰਦਾ ਦੀ ਪੁਰਾਣੀ ਕਮਜ਼ੋਰੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਕਤੀ ਭੋਰਬੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਗੀ ਨੂੰ ਚੰਗਰ (ਘਟੇ ਪੈਣ) ਖਿਲਾਫ਼ੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪ੍ਰੇਸ਼ਾਨ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਔਰਤਾਂ ਦੀਆਂ ਬੀਮਾਰੀਆਂ, ਜਿਵੇਂ : ਡਰ, ਹਿਸਟੀਰੀਆ, ਘਬਰਾਹਟ, ਚੋਰ, ਛੋਟੇ ਦੀਆਂ ਬੀਮਾਰੀਆਂ, ਜ਼ਬਾਨ-ਜ਼ਬਾਨ, ਜ਼ਬਾਨੀਰ, ਕੰਨ ਪੇੜੇ, ਤੁਤਲਾਉਣਾ, (Stammering), ਟੌਨਿਲ, (Tonsilits), ਕਬਜ਼ੀ, ਦਸਤ, ਬਦਹਜ਼ਮੀ, ਪੇਟਦਿਆ ਕੀੜੇ (Worms), ਬੁੱਤਿਆਂ ਪਿਸ਼ਾਬ ਨਿਕਲਣਾ (Enuresis), ਸਾਹ (Wheezing Problem), ਖੰਸੀ ਅਤੇ ਕਾਲੀ-ਖੰਸੀ, ਖੁਸ਼ਕੀ ਚੰਬਲ, ਖਾਰ (Eczema), ਚਮੜੀ ਰੋਗ ਦੇ ਉਭਾਰ, ਸੋਰਾਈਸਿਸ (Psoriasis), ਅਨਮਾਨੀ, ਬਕਤਹੀਣਤਾ (Anaemia), ਸਰੀਰ ਦਾ ਕੰਦ, ਪਿਛੜੇ ਬੱਚੇ (Backward Children), ਬੱਚਿਆਂ ਦੀਆਂ ਹੱਡੀਆਂ ਦਾ ਵਿੰਗਾ ਟੇਢਾ ਹੋਣਾ (Rickets), ਮਿਰਗੀ (Epilepsy) ਵਗੈਰਾ !

ਬਾਹਰੀ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿਤੇ ਜਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਰ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤੇ ਬਾਹਰ ਖੁਲਾ ਵਿਚ ਖੁਜਲੀ ਅਤੇ ਜਲਣ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀ ਚਮੜੀ ਫੁਟਣਾ ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT)	------ ਦਰਦ, ਸੋਜ (SPRAINS) ਚੁੱਕੀ ਸੱਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਜੋੜਾਂ ਵਿਚ ਸੋਜ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਮੰਦ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਸੱਟਾ ਦਾ ਦਰਦਾ, ਫਾਲ ਬੈਠਾ ਨਾਲ ਗਲਤਫਹਮ ਵਿਚ ਅਤੇ ਜੋੜਾਂ ਚ ਅਰਾਮਦਾਇ ਨੂੰ ਆਰਾਮ -	£19
CALWOUN (IN OIL OR OINTMENT)	--- ਸੱਟ ਕਾਰਣ ਜਖਮਾਂ ਦੀ ਪੀਕ ਜਾ ਸਹਜ ਜਾਣ ਤੇ ਸਹਜ ਦਰਦਾ ਤੋਂ ਆਰਾਮ-	£19
BURCAN (IN LOTION OR OINTMENT)	--ਕਿਸੇ ਵੀ ਤਰ੍ਹਾਂ ਮਲਣ ਦੇ ਦਰਦਾ ਅਤੇ ਛਾਲਿਆਂ ਤੇ ਮੁਕੰਮਲ ਆਰਾਮ ---	£19
ROUTUM (IN OINTMENT)	-- ਸਰੀਰ ਦੇ ਕਿਸੇ ਵੀ ਹਿੱਸੇ ਵਿਚ ਗਿਲਟੀਆਂ ਦੀ ਸਿਕ ਅਤੇ ਦਰਦਾ ਤੋਂ ਆਰਾਮ ----	£19
JOINRHU (IN OIL)	-- ਜੋੜਾਂ ਦੇ ਦਰਦਾ, ਸਿਰ ਸੱਟਾ ਦਰਦਾ, ਚੰਬਲ ਪੈਣ ਅਤੇ ਕੋਲੇਸਟਰ ਪੱਠਿਆਂ ਦੀ ਸਿਕ ਤੋਂ ਆਰਾਮ-	£19
ASSSIL (IN LOTION)	-- ਗਿਲਟੀਆਂ ਦਾ ਛੋਟੇ ਪੱਕ ਕੇ ਜਖਮ ਬਣ ਜਾਣ ਦੀ ਹਾਲਤ ਵਿਚ ਮੁਕੰਮਲ ਆਰਾਮ ----	£19
ITCSUL (IN OIL)	---- ਸਰੀਰ ਉਤੇ ਕਿਸੇ ਵੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਖੁਸ਼ਕ, ਤਰ, ਸਪੰਜ ਜਾ ਗੋਭੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾ ਦੱਸੇ ਹੋਰ ਹੋਸਪਾਲ ਆਰਥਰਾਇਟਸ ਦਾ ਫੀਸਿਕ ਚਲਾਈ ਜਾਂਦੇ ।
(ਹਰ ਆਰਥਰਾਇਟਸ ਲਾਭ £10 ਹਿੰਸਿਕ ਤੇ ਹੋਸਪੋਸ ਅਤੇ)

ਹਰ ਤਰ੍ਹਾਂ ਦੇ ਲਿੰਗਕ ਅਤੇ ਉਦਰਾ ਨਾਲ ਸਰੀਰ ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕੇ ਸਾਨਦਾਰੀ ਅਤੇ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਪ੍ਰੈੱਸ ਕਲੱਬ ਰਾਏਕੋਟ ਵੱਲੋਂ ਮਹਾਨ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਅਤੇ ਕੌਮੀ ਪ੍ਰੈੱਸ ਦਿਵਸ' ਦੇ ਸਬੰਧ ਵਿੱਚ ਇੱਕ ਵਿਸੇਸ਼ ਸੈਮੀਨਾਰ ਕਰਵਾਇਆ

- ਸ਼ਹੀਦਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਛੋਟੀ ਉਮਰ ਵਿੱਚ ਹੀ ਵੱਡੀ ਸੋਚ ਅਪਣਾਉਂਦੇ ਹੋਏ ਦੇਸ਼ ਲਈ ਵੱਡੀ ਕੁਰਬਾਨੀ ਦਿੱਤੀ.ਐਸ. ਡੀ. ਐਮ. ਉਪਿੰਦਰਜੀਤ ਕੌਰ ਬਰਾੜ
- ਸਰਾਭਾ ਨੇ ਆਪਣੀ ਕਲਮ ਅਤੇ ਅਵਾਜ਼ ਨਾਲ ਅਜ਼ਾਦੀ ਦੀ ਲੜਾਈ ਨੂੰ ਨਵੀਂ ਰਫਤਾਰ ਦਿੱਤੀ.ਡੀ. ਐਸ. ਪੀ. ਹਰਜਿੰਦਰ ਸਿੰਘ
- ਵਿੱਚ ਇੱਕ ਵਿਸੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਕੂਲ ਦੀਆਂ ਸੀਨੀਅਰ ਕਲਾਸਾਂ ਦੇ ਵਿਦਿਆਰਥੀ ਤੇ ਬੁੱਧੀਜੀਵੀ ਸ਼ਾਮਲ ਹੋਏ
- 19 ਸਾਲ ਦੀ ਛੋਟੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਸਰਾਭਾ ਹਰ ਨੌਜਵਾਨ ਲਈ ਪ੍ਰੇਰਨਾ ਸਰੋਤ ਹਨ.ਆਰ. ਜੀ. ਰਾਏਕੋਟੀ

ਰਾਏਕੋਟ (ਗੁਰਭਿੰਦਰ ਗੁਰੀ) ਅੱਜ ਪ੍ਰੈੱਸ ਕਲੱਬ ਰਾਏਕੋਟ ਵੱਲੋਂ ਐਸ. ਜੀ. ਐਨ. ਡੀ. ਕਾਨਵੈਂਟ ਸਕੂਲ ਆਂਡਲੂ ਵਿੱਚ ਮਹਾਨ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਅਤੇ ਕੌਮੀ ਪ੍ਰੈੱਸ ਦਿਵਸ' ਦੇ ਸਬੰਧ ਵਿੱਚ ਇੱਕ ਵਿਸੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਕੂਲ ਦੀਆਂ ਸੀਨੀਅਰ ਕਲਾਸਾਂ ਦੇ ਵਿਦਿਆਰਥੀ ਤੇ ਬੁੱਧੀਜੀਵੀ ਸ਼ਾਮਲ ਹੋਏ। ਇਸ ਸੈਮੀਨਾਰ ਵਿੱਚ ਸਰਾਭਾ ਦੇ ਯੋਗਦਾਨ ਨੂੰ ਯਾਦ ਕਰਨ ਦੇ ਨਾਲ-ਨਾਲ ਅਜੋਕੇ ਸਮੇਂ ਵਿੱਚ ਪੱਤਰਕਾਰੀ ਦੀ ਭੂਮਿਕਾ ਸਬੰਧੀ ਵਿਚਾਰ ਪੇਸ਼ ਕੀਤੇ ਗਏ। ਸੈਮੀਨਾਰ ਦੀ ਸ਼ੁਰੂਆਤ ਵਾਇਸ ਪ੍ਰਿੰਸੀਪਲ ਕਮਲਜੀਤ ਕੌਰ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਸੈਮੀਨਾਰ ਵਿੱਚ ਐਸ. ਡੀ. ਐਮ. ਰਾਏਕੋਟ ਉਪਿੰਦਰਜੀਤ ਕੌਰ ਬਰਾੜ ਅਤੇ ਡੀ. ਐਸ. ਪੀ. ਰਾਏਕੋਟ ਹਰਜਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਪੱਤਰਕਾਰ ਮਹੇਸ਼ ਸ਼ਰਮਾ ਵੱਲੋਂ ਨਿਭਾਈ ਗਈ ਤੇ ਉਹਨਾਂ ਮੰਚ ਸੰਚਾਲਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਟੋਟਕਿਆਂ ਨਾਲ ਆਪਣੇ ਟੀਚੇ ਨੂੰ ਹਾਸਲ ਕਰਨ ਲਈ ਉਤਸ਼ਾਹਿਤ ਵੀ ਕੀਤਾ।

ਇਸ ਮੌਕੇ ਆਪਣੇ ਭਾਸ਼ਨ ਵਿੱਚ ਪੱਤਰਕਾਰ ਆਤਮਾ ਸਿੰਘ ਨੇ ਆਪਣੇ ਇਲਾਕੇ ਲੋਹਟਬੱਦੀ ਨਾਲ ਸਬੰਧਤ ਗ਼ਦਰੀ ਯੋਧਿਆਂ ਦੀ ਗਾਥਾ ਨੂੰ ਸਰਲ ਢੰਗ ਪੇਸ਼ ਕੀਤਾ ਤੇ ਸ਼ਹੀਦ ਸਰਾਭਾ ਦੀ 19 ਸਾਲ ਦੀ ਉਮਰ ਵਿੱਚ ਦੇਸ਼ ਤੇ ਕੌਮ ਲਈ ਕੀਤੀ ਸਭ ਤੋਂ ਵੱਡੀ ਕੁਰਬਾਨੀ ਨੂੰ ਯਾਦ ਕਰਦਿਆਂ ਦੱਸਿਆ ਕਿ ਸ਼ਹੀਦ ਸਰਾਭਾ ਨੇ ਗ਼ਦਰ ਲਹਿਰ ਦੇ ਪਰਚੇ 'ਗ਼ਦਰ' ਰਾਹੀਂ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਤੇ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਪ੍ਰੈੱਸ ਹਮੇਸ਼ਾ ਇਨ-ਕਲਾਬ ਦਾ ਮੁੱਖ ਹਥਿਆਰ ਰਹੀ ਹੈ।ਇਸ ਮੌਕੇ ਸਕੂਲ ਦੀ ਵਿਦਿਆਰਥਨ ਗੁਰਬੀਰ ਕੌਰ ਨੇ ਆਪਣੇ ਦਮਦਾਰ ਸੰਬੋਧਨ ਵਿੱਚ ਪੱਤਰਕਾਰਤਾ ਦੀ ਸਹੀ ਭੂਮਿਕਾ ਦੀ ਵਿਆਖਿਆ ਭਾਵਪੂਰਤ ਸ਼ਬਦਾਂ ਵਿੱਚ ਕੀਤੀ ਤੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵੀ ਕੋਈ ਸੂਚਨਾ ਸਾਂਝੀ ਕਰਨ ਤੋਂ ਪਹਿਲਾਂ ਉਸ ਦੀ ਸਚਾਈ ਦੀ ਪੁਸ਼ਟੀ ਜ਼ਰੂਰੀ ਹੈ। ਪ੍ਰੈਸ ਕਲੱਬ ਰਾਏਕੋਟ ਦੇ ਚੇਅਰਮੈਨ ਆਰ. ਜੀ. ਰਾਏਕੋਟੀ ਨੇ ਪ੍ਰੈੱਸ ਦਿਵਸ ਨੂੰ ਸਮਰਪਿਤ ਸੈਮੀਨਾਰ 'ਚ ਆਪਣਾ ਪਰਚਾ

ਪੜ੍ਹਦੇ ਹੋਏ ਕਿਹਾ ਕਿ ਕਿਹਾ ਕਿ ਸਿਰਫ਼ 19 ਸਾਲ ਦੀ ਛੋਟੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਸਰਾਭਾ ਹਰ ਨੌਜਵਾਨ ਲਈ ਪ੍ਰੇਰਨਾ ਸਰੋਤ ਹਨ। ਸ਼ਹੀਦ ਸਰਾਭਾ ਦੇ ਅਖਬਾਰ 'ਗਦਰ' ਵਾਰੇ ਕਿਹਾ ਕਿ ਇਹ ਸਰਾਭਾ ਦੀ ਕ੍ਰਾਂਤੀਕਾਰੀ ਸੋਚ ਦਾ ਪ੍ਰਗਟਾਵਾ ਸੀ। ਇਸ ਨੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤਰ੍ਹਾਂ ਸਰਾਭਾ ਨੇ ਦਿਖਾਇਆ ਕਿ ਕਿਸ ਤਰ੍ਹਾਂ ਲਿਖਤ ਅਤੇ ਪ੍ਰਕਾਸ਼ਨ ਦੀ ਸ਼ਕਤੀ ਲੋਕਾਂ ਦੀ ਸੋਚ ਨੂੰ ਬਦਲ ਸਕਦੀ ਹੈ ਅਤੇ ਕਿਸੇ ਵੱਡੀ ਲਹਿਰ ਦੀ ਅਗਵਾਈ ਕਰ ਸਕਦੀ ਹੈ।ਐਸ. ਡੀ. ਐਮ.

ਉਪਿੰਦਰਜੀਤ ਕੌਰ ਬਰਾੜ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਛੋਟੀ ਉਮਰ ਵਿੱਚ ਹੀ ਵੱਡੀ ਸੋਚ ਅਪਣਾਉਂਦੇ ਹੋਏ ਦੇਸ਼ ਲਈ ਵੱਡੀ ਕੁਰਬਾਨੀ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਜ਼ਿੰਦਗੀ 'ਚ ਅੱਗੇ ਵਧਣ ਲਈ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਵਿਵਹਾਰਿਕ ਸਿੱਖਿਆ ਵੀ ਜਰੂਰੀ ਹੈ। ਉਹਨਾਂ ਕੌਮੀ ਪ੍ਰੈੱਸ ਦਿਵਸ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ।

ਡੀ. ਐਸ. ਪੀ. ਰਾਏਕੋਟ ਹਰਜਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਸਰਾਭਾ ਨੇ ਆਪਣੀ ਕਲਮ ਅਤੇ ਅਵਾਜ਼ ਨਾਲ ਅਜ਼ਾਦੀ ਦੀ ਲੜਾਈ ਨੂੰ ਨਵੀਂ ਰਫਤਾਰ ਦਿੱਤੀ। ਉਹਨਾਂ ਕਿਹਾ ਕਿ ਪੁਲਿਸ ਅਧਿਕਾਰੀ ਹੋਣ ਦੇ ਨਾਤੇ ਵਿਦਿਆਰਥੀਆਂ ਨੂੰ ਇਕ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਅਸੀਂ ਇਮਾਨਦਾਰੀ ਕਾਨੂੰਨ ਤੇ ਇਨਸਾਫ਼ ਦੀ ਰਾਹ ਤੇ ਚੱਲਦੇ ਹੋਏ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰੀਏ।

ਇਸ ਮੌਕੇ ਆਏ ਮਹਿਮਾਨਾਂ ਨੂੰ ਪ੍ਰੈੱਸ ਕਲੱਬ ਰਾਏਕੋਟ ਵੱਲੋਂ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਅਧਿਆਪਕ ਵਰਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਾਨੂੰ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸੱਚ ਅਤੇ ਨਿਰਪੱਖਤਾ ਦੇ ਮਾਰਗ 'ਤੇ ਚੱਲਦੇ ਰਹਿਣਾ ਚਾਹੀਦਾ ਹੈ।ਇਸ ਮੌਕੇ ਹਰਵਿੰਦਰ ਸਿੰਘ ਰਾਜਾ ਬਰਾੜ, ਪ੍ਰਧਾਨ ਸੰਜੀਵ ਕੁਮਾਰ ਭੱਲਾ, ਸ਼ੁਸ਼ੀਲ ਕੁਮਾਰ, ਆਰ ਜੀ ਰਾਏਕੋਟੀ, ਰਘਵੀਰ ਸਿੰਘ ਜੱਗਾ, ਸੁਸ਼ੀਲ ਵਰਮਾਂ, ਮੁਹੰਮਦ ਇਮਰ-ਾਨ, ਗੁਰਭਿੰਦਰ ਗੁਰੀ, ਇਕਬਾਲ ਸਿੰਘ ਗੁਲਾਬ, ਅਮਿਤ ਪਾਸੀ, ਜਸਵੰਤ ਸਿੰਘ ਸਿੱਧੂ, ਸ਼ਮਸ਼ੇਰ ਸਿੰਘ, ਮਹੇਸ਼ ਸ਼ਰਮਾ, ਆਤਮਾ ਸਿੰਘ ਲੋਹਟਬੱਦੀ, ਬਿੱਟੂ ਹਲਵਾਰਾ, ਪ੍ਰਿੰਸੀਪਲ ਰਾਜਵਿੰਦਰ ਕੌਰ ਬਰਾੜ, ਵਾਇਸ ਪ੍ਰਿੰਸੀਪਲ ਕਮਲਜੀਤ ਕੌਰ, ਰੁਪਿੰਦਰ ਕੌਰ, ਮਨਦੀਪ ਕੌਰ, ਮਨਜੀਤ ਕੌਰ, ਗੁਰਜੀਤ ਕੌਰ, ਸੁਖਚੈਨ ਸਿੰਘ, ਵਰਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਦੀਪ ਸਿੰਘ ਗਰੇਵਾਲ, ਲਛਮਣ ਸਿੰਘ, ਜਸਵੰਤ ਸਿੰਘ, ਅਵਤਾਰ ਸਿੰਘ ਪ੍ਰਧਾਨ ਸੁਸਾਇਟੀ, ਜੁਗਰਾਜ ਸਿੰਘ ਪ੍ਰਧਾਨ, ਗੁਰਪ੍ਰੀਤ ਸਿੰਘ ਗੋਰਾ, ਅਨਿਲ ਕੁਮਾਰ, ਗਗਨਦੀਪ ਸਿੰਘ ਆਦਿ ਹਾਜ਼ਰ ਸਨ।

ਬੀਜੇਪੀ ਦੀ ਬਿਹਾਰ ਜਿੱਤ ਤੇ ਬਲਾਚੌਰ ਦਫਤਰ 'ਚ ਬਣਿਆ ਜਸ਼ਨ ਦਾ ਮਾਹੌਲ

ਵਰਕਰਾਂ ਨੇ ਲੱਡੂ ਵੰਡ ਕੇ ਮਨਾਈ ਖੁਸ਼ੀ

ਬਲਾਚੌਰ 15 ਨਵੰਬਰ (ਜਤਿੰਦਰਪਾਲ ਸਿੰਘ ਕਲੇਰ) ਭਾਰਤੀ ਜਨਤਾ ਪਾਰਟੀ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਵਰਕਰਾਂ ਵਲੋਂ ਅੱਜ ਆਪਣੇ ਜਿਲ੍ਹਾਂ ਦਫ਼ਤਰ ਬਲਾਚੌਰ ਵਿਖੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਇਤਹਾਸਿਕ ਜਿੱਤ ਹਾਸਲ ਕਰਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ ਫ਼ ਇਸ ਮੌਕੇ ਤੇ ਜਿਲ੍ਹਾਂ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਹਾਜ਼ਰ ਲੀਡਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਿਹਾਰ ਦੀ ਜਨਤਾ ਵਿਕਾਸ, ਸੁਸ਼ਾਸ਼ਨ ਅਤੇ ਮਜਬੂਤ ਨੇਤਿਤ੍ਰਵ ਦੇ ਹੱਕ ਵਿੱਚ ਫੈਸਲਾ ਦੇ ਕੇ ਦੇਸ਼ ਦੀ ਰਾਜਨੀਤੀ ਨੂੰ ਨਵੀ ਦਿਸ਼ਾ ਦਿੱਤੀ ਹੈ ਉਨ੍ਹਾਂ ਕਿਹਾ ਕਿ ਇਹ ਨਤੀਜੇ ਦਿਖਾਉਦੇ ਹਨ ਕਿ ਲੋਕ ਬੀਜੇਪੀ ਦੀਆ ਨੀਤੀਆ, ਕਾਰਜਸ਼ੈਲੀ ਤੇ ਦੇਸ਼ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਤੇ ਪੂਰਾ ਭਰੋਸਾ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਲੋਕ ਭਲਾਈ ਸਕੀਮਾਂ ਦਾ ਸਮਰਥਨ ਕਰਦੇ ਹੋਏ,ਜਿਸ ਦੇ ਕਰਕੇ ਬਿਹਾਰ ਦੇ ਲੋਕਾਂ ਨੇ ਭਾਰੀ ਬਹੁਮਤ ਨਾਲ ਐਨਡੀਏ ਨੂੰ ਜਿਤਾਇਆ ਅਤੇ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਮੁੜ ਖੁਸ਼ਹਾਲ

ਅਤੇ ਤਰੱਕੀ ਦੇ ਰਾਹ ਤੇ ਲਿਆਂਦਾ ਜਾਵੇ ਫ਼ ਇਸ ਮੌਕੇ ਤੇ ਸੀਨੀਅਰ ਭਾਜਪਾ ਆਗੂ ਵਰਿੰਦਰ ਕੌਰ ਥਾਂਦੀ, ਜਿਲ੍ਹਾ ਜਨਰਲ ਸਕੱਤਰ, ਵਿਸ਼ਾਲ ਸ਼ਰਮਾਂ, ਦਿਨੇਸ਼ ਭਾਰਦਵਾਜ਼ ਅਤੇ ਅਮਨ ਰਾਣਾ ਐਡਵੋਕੇਟ, ਜਿਲ੍ਹਾ ਖਜ਼ਾਨਚੀ ਨਰੇਂਦਰ ਨਾਥ ਸੂਦਨ, ਜਿਲ੍ਹਾ ਯੁਵਾ ਮੋਰਚਾ ਪ੍ਰਧਾਨ ਪੰਕਜ਼ ਕੁਮਾਰ, ਸੋਸ਼ਲ ਮੀਡੀਆ ਸੈਲ ਦੇ ਇੰਚਾਰਜ਼ ਸ਼੍ਰੀ ਕੁਵਿੰਦਰ ਸਿੰਘ, ਮੰਡਲ ਪ੍ਰਧਾਨ ਬਲਾਚੌਰ , ਪਰਵੀਨ ਪੁਰੀ, ਮੰਡਲ ਪ੍ਰਧਾਨ ਨਵਾਂਸ਼ਹਿਰ ਮਨੀਸ਼ ਅਗਨੀਹੋਤਰੀ, ਮੰਡਲ ਪ੍ਰਧਾਨ ਗੜ੍ਹੀ ਸਾਧੂ ਰਾਮ, ਸਾਬਕਾ ਮੰਡਲ ਪ੍ਰਧਾਨ ਨੰਦ ਕਿਸ਼ੋਰ, ਜਸਵੰਤ ਸਿੰਘ ਖਰਲ ਪ੍ਰਧਾਨ ਐਨ ਆਰ ਆਈ ਸੈਲ, ਗੁਰਮਾਮ ਕਿਸਾਨਾ , ਨਿਰਮਲ ਸਿੰਘ, ਰਾਜੂ ਅਨੰਦ , ਰੋਹਿਤ ਬਾਦਲ, ਪੰਡਤ ਕ੍ਰਿਸ਼ਨ ਕੁਮਾਰ, ਸੁਰਿੰਦਰ ਪਾਲ ਵਰਮਾ, ਨਰੇਸ਼ ਵਰਮਾ, ਕੀਮਤੀ ਲਾਲ ਅਤੇ ਹੋਰ ਅਨੇਕਾਂ ਆਗੂ ਹਾਜਰ ਸਨ।

ਆਂਗਨਵਾੜੀ ਵਰਕਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਸੀਡੀਪੀਓ ਬਲਾਚੌਰ ਨੂੰ ਦਿੱਤਾ ਮੰਗ ਪੱਤਰ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ)-ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵਲੋਂ ਆਪਮੀ ਹੱਕੀ ਮੰਗਾਂ ਦੇ ਸਬੰਧ ਵਿੱਚ ਇਕ ਮੰਗ ਪੱਤਰ ਸੀਡੀਪੀਓ ਬਲਾਚੌਰ ਮੈਡਮ ਦਵਿੰਦਰ ਕੌਰ ਦੇ ਮਾਰਫਤ ਵਿਭਾਗ ਦੀ ਕੇਂਦਰੀ ਮੰਤਰੀ ਨੂੰ ਮੰਗ ਪੱਤਰ ਭੇਜਿਆਂ । ਮੰਗ ਪੱਤਰ ਵਿੱਚ ਪ੍ਰਧਾਨ ਸੁਰਿੰਦਰ ਕੌਰ ਰੱਕੜ, ਜਸਵੀਰ ਕੌਰ ਸੈਕਟਰੀ ਮੱਕੋਂਵਾਲ ਨੇ ਕਿਹਾ ਗਿਆ ਕਿ ਬਾਲ ਦਿਵਸ ਮੌਕੇ ਦੇਸ਼ ਦੀਆਂ 26 ਲੱਖ ਤੋਂ ਵੱਧ ਆਂਗਨਵਾੜੀ ਮੁਲ-ਾਜਿਮ ਭੈਣਾਂ ਜੋ ਦੇਸ਼ ਵਿੱਚ 6 ਸਾਲ ਤੋਂ ਘੱਟ ਉਮਰ ਲਗਭਗ 6 ਕਰੋੜ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ ਤੇ ਉਨ੍ਹਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਕਿ ਮਹਿਲਾਂ ਤੇ ਬਾਲ ਵਿਕਾਸ ਮੰਤਰਾਲੇ ਨੇ ਉਨ੍ਹਾਂ ਨੂੰ ਆਈਸੀਡੀਐਸ ਯੋਜਨਾ ਦੇ 50 ਸਾਲ ਪੂਰੇ ਹੋਣ ਤੇ ਸਾਨੂੰ ਪੂਰੀ ਤਰ੍ਹਾਂ ਨਾਲ ਨਕਾਰਿਆ ਹੋਇਆ ਹੈ । ਇਸ ਦੌਰਾਨ ਉਨ੍ਹਾਂ ਕਿਹਾ ਕਿ ਇਸ ਇਤਿਹਾਸਿਕ ਯੋਜਨਾ ਦੀ 50 ਵੀਂ ਵਰੇਗੰਢ ਜਿਸ ਨੇ 2 ਅਕਤੂਬਰ 1975 ਤੋਂ ਲੈ ਕੇ ਹੁਣ ਤੱਕ ਦੇਸ਼ ਦੇ ਲੱਖਾਂ ਬੱਚਿਆਂ ਤੇ ਔਰਤਾਂ ਦੇ ਪੋਸ਼ਣ

ਸਿਹਤ ਤੇ ਸਿੱਖਿਆ ਵਿੱਚ ਬਹੁਮੁੱਲਾ ਯੋਗਦਾਨ ਪਾਇਆ ਹੈ ਪਰ ਸਰਕਾਰ ਨੇ ਸਿਰਫ ਆਈਸੀਡੀਸੀ ਯੋਜਨਾ ਨੂੰ ਅਣਗੋਲਿਆ ਕੀਤਾ ਬਲਕਿ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ । ਉਨ੍ਹਾਂ ਕਿਹਾ ਕਿ ਆਲ ਇੰਡੀਆ ਫੈਡਰੇਸ਼ਨ ਆਫ ਆਂਗਨਵਾੜੀ ਵਰਕਰ ਐਡ ਹੈਲਪਰਜ਼ ਦੇ ਬੈਨਰ ਹੇਠ ਇਸ ਯੋਜਨਾ ਅਤੇ ਇਸ ਦੇ ਹਜ਼ਾਰਾਂ ਫਰੰਟ ਲਾਈਨ ਵਰਕਰਾਂ ਦੇ ਇਸ ਅਪਮਾਨ ਦੀ ਸਖਤ ਨਿੰਦਾ ਕਰਦੇ ਹਾਂ । ਜਿੰਨਾਂ ਨੇ ਮਾਣਭੱਤੇ ਵਰਗੀ ਮਾਮੂਲੀ ਰਕਮ ਲਈ ਸਾਲਾਂ ਤੋਂ ਇਕੱਠੇ ਕੰਮ ਕਰਦੇ ਸਮਾਜ ਲਈ ਕੁਰਬਾਨੀਆ ਦਿੱਤੀਆ । ਆਗੂਆਂ ਨੇ ਮੰਗ ਕੀਤੀ ਕਿ ਵਿਭਾਗ ਚੁੱਕਵੇਂ ਸਮਾਗਮਾਂ ਦਾ ਆਯੋਜਨ ਕਰੇ ਅਤੇ ਆਈਸੀਡੀਐਸ ਦੀ ਗੋਲਡਨ ਜੁਬਲੀ ਨੂੰ ਚੁੱਕਵੇਂ ਢੰਗ ਨਾਲ ਮਨਾਉਣ ਦਾ ਪ੍ਰਬਧ ਕਰੇ । ਉਨ੍ਹਾਂ ਕਿਹਾ ਕਿ ਸਰਕਾਰ ਲਾਭਪਾਤਰੀਆ ਨੂੰ ਰਾਸ਼ਨ ਲੈਣ ਲਈ ਐਫਐਰਐਸ (ਹਰ ਵਾਰ 200-300 ਗ੍ਰਾਮ ਰਾਸ਼ਨ ਲਈ ਆਪਣੇ ਚਿਹਰੇ ਦੀ ਪਛਾਣ ਕਰਵਾਉਣੀ) ਵਰਗੀਆਂ ਸ਼ਰਤਾ ਰੱਖ ਕੇ ਉਨ੍ਹਾਂ ਨੂੰ ਰਾਸ਼ਨ ਤੋਂ ਵਾਂਝਾ ਕਰਨਾ ਚਾਹੁੰਦੀ ਹੈ । ਸਰਕਾਰ ਬਜਟ ਵਧਾਉਣ ਦੀ ਜਗਾ ਪੋਸ਼ਣ ਟਰੈਕਰ ਦੇ ਨਾਂਅ ਤੇ ਨਿਗਰਾਨੀ ਰੱਖਣ ਦੇ ਨਾਂਅ ਤੇ ਲਾਭਪਾਤਰੀਆਂ ਨੂੰ ਲਾਭ ਤੋਂ ਵਾਂਝਾ ਰੱਖਣਾ ਚਾਹੁੰਦੀ ਹੈ । ਇਸ ਮੌਕੇ ਤੇ ਪ੍ਰਧਾਨ ਸੁਰਿੰਦਰ ਕੌਰ ਰੱਕੜ, ਜਸਵੀਰ ਕੌਰ ਸੈਕਟਰੀ ਮੱਕੋਂਵਾਲ , ਜਸਵੀਰ ਕੌਰ ਦੁਭਾਲੀ, ਸੋਨਿਕਾ ਨਾਨੋਵਾਲ, ਕਮਲਜੀਤ ਕੌਰ, ਮੀਨੂੰ ਸ਼ਰਮਾ ਕੰਗਣਾ ਬੇਟ, ਰਣਜੀਤ ਕੌਰ, ਬੇਬੀ ਤੇ ਹੋਰ ਵਰਕਰ ਮੌਜੂਦ ਰਹੇ ।

51000 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ ਦੇ ਸਾਲ 2025 ਲਈ ਜੇਤੂ ਅਤੇ ਫਾਈਨਲਿਸਟ ਪੁਸਤਕਾਂ ਦਾ ਐਲਾਨ

● ਢਾਹਾਂ ਸਾਹਿਤ ਇਨਾਮ 2025 ਦੇ ਜੇਤੂ ਰਹੇ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੇ ਜਿੱਤਿਆ 25000 ਕੈਨੇਡੀਅਨ ਡਾਲਰ ਦਾ ਇਨਾਮ ● ਦੋ ਫਾਈਨਲਿਸਟ ਮੁਦੱਸਰ ਬਸ਼ੀਰ (ਲਾਹੌਰ) ਅਤੇ ਭਗਵੰਤ ਰਸੂਲਪੁਰੀ (ਜਲੰਧਰ) ਦਾ 10-10 ਹਜ਼ਾਰ ਡਾਲਰ ਦੇ ਇਨਾਮ ਨਾਲ ਸਨਮਾਨ

ਬੰਗਾ / ਵੈਨਕੂਵਰ (ਬੀ.ਸੀ) 15 ਨਵੰਬਰ (ਚਰਨਜੀਤ ਸੱਲ੍ਹਾਂ) ਪੰਜਾਬੀ ਗਲਪ ਲਈ ਵਿਸ਼ਵ ਦੇ ਪ੍ਰਸਿੱਧ ਸਾਹਿਤਕ ਢਾਹਾਂ ਸਾਹਿਤ ਇਨਾਮ ਨੇ ਆਪਣੇ 12ਵੇਂ ਜੇਤੂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਨੂੰ ਉਹਨਾਂ ਦੇ ਗੁਰਮੁਖੀ ਲਿਪੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ' ਲਈ 25,000 ਕੈਨੇਡੀਅਨ ਡਾਲਰ ਦੇ ਪੁਰਸਕਾਰ ਨਾਲ ਸਰੀ, ਬੀ.ਸੀ. ਵਿੱਚ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ । ਜਦ ਕਿ ਦੋ ਫਾਈਨਲਿਸਟਾਂ ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਨੂੰ ਸ਼ਾਹਮੁਖੀ ਲਿਪੀ ਵਿਚ ਲਿਖੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਨੂੰ ਉਸ ਦੇ ਗੁਰਮੁਖੀ ਵਿਚ ਲਿਖੇ ਲਘੂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਲਈ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨ ਕੀਤਾ ਗਿਆ । ਤਿੰਨਾਂ ਇਨਾਮ ਜੇਤੂਆਂ ਨੂੰ ਹੱਥਾਂ ਨਾਲ ਤਿਆਰ ਕੀਤੇ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਇਹ ਇਨਾਮ ਭੇਟ ਕੀਤੇ ਗਏ । ਇਸ ਮੌਕੇ ਇਹਨਾਂ ਤਿੰਨਾਂ ਪੁਸਤਕਾਂ ਦੇ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਪੀਅੰਤਰਨ ਲਈ 6,000 ਕੈਨੇਡੀਅਨ ਡਾਲਰ ਦਾ ਇਨਾਮ ਪ੍ਰਦਾਨ ਕੀਤਾ ਗਿਆ।

ਸਨਮਾਨ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ ਨੇ ਕਿਹਾ ਕਿ, "ਇਸ ਪੁਰਸਕਾਰ ਨੇ ਮੇਰੇ ਨਾਵਲ ਨੂੰ ਪਾਠਕਾਂ ਦੀ ਇੱਕ ਨਵੀਂ ਦੁਨੀਆਂ ਦਿੱਤੀ ਹੈ," । ਜਦੋਂ ਮੈਂ ਆਪਣੇ ਨਾਮ ਦਾ ਐਲਾਨ ਸੁਣਿਆ ਤਾਂ ਮੈਂ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਿਆ । ਇਸ ਇਨਾਮ ਨੇ ਮੈਨੂੰ ਰਚਨਾਵਾਂ ਰਚਦੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ । ਲਹਿੰਦੇ ਪੰਜਾਬ ਤੋਂ ਕੈਨੇਡਾ ਪੁੱਜੇ ਨਾਵਲਕਾਰ ਸ੍ਰੀ ਮੁਦੱਸਰ ਬਸ਼ੀਰ ਨੇ ਆਪਣੇ ਵਿਚਾਰਾਂ ਨੂੰ ਸਾਂਝਾ ਕਰਦੇ ਕਿਹਾ ਕਿ, " ਇਹ ਸਨਮਾਨ ਪ੍ਰਾਪਤ ਕਰਨ ਬਾਅਦ ਮੇਰੇ ਕੋਲ ਕਹਿਣ ਨੂੰ ਸ਼ਬਦ ਨਹੀਂ ਹਨ । ਮੈਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦਾ ਹਾਂ । ਇਸ ਇਨਾਮ ਦੇ ਮਿਲਣ ਉਪਰੰਤ, ਮੈਂ ਮਾਂ ਬੋਲੀ ਪੰਜਾਬੀ ਦੀ ਸੇਵਾ ਹੋਰ ਵੀ ਜ਼ਿੰਮੇਵਾਰੀ ਨਾਲ ਜਾਰੀ ਰੱਖਣ ਦੀ ਪੂਰਨ ਆਸ ਰੱਖਦਾ ਹਾਂ ।" ਕਹਾਣੀਕਾਰ ਸ੍ਰੀ ਭਗਵੰਤ ਰਸੂਲਪੁਰੀ ਨੇ ਕਿਹਾ, " ਢਾਹਾਂ ਸਾਹਿਤ ਇਨਾਮ ਦੇ ਫਾਈਨਲਿਸਟ ਵਜੋਂ ਨਾਮਜ਼ਦ ਹੋਣਾ ਇੱਕ ਵੱਡੀ ਪ੍ਰਾਪਤੀ ਹੈ । ਜਿਸ ਨਾਲ ਹੁਣ ਮੇਰੀਆਂ ਕਹਾਣੀਆਂ ਪੰਜਾਬੀ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੋਰ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਪਹੁੰਚ ਕਰ ਸਕਦੀਆਂ ਹਨ ।"

ਇਸ ਮੌਕੇ ਬੀ.ਸੀ. ਪੁਰਸਕਾਰ ਜੇਤੂ ਲੇਖਕ ਗੁਰਜਿੰਦਰ ਬਸਰਾਨ ਨੇ ਮੁੱਖ ਭਾਸ਼ਣ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ, ਢਾਹਾਂ ਸਾਹਿਤ ਇਨਾਮ ਦੇ ਤਿੰਨਾਂ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ । ਉਹਨਾਂ ਨੇ ਢਾਹਾਂ ਸਾਹਿਤ ਇਨਾਮ ਵੱਲੋ ਮਾਂ ਬੋਲੀ ਪੰਜਾਬੀ ਦੇ ਸਮੁੱਚੀ ਦੁਨੀਆਂ ਵਿਚ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ।

ਸਮਾਰੋਹ ਵਿਚ ਇਨਾਮ ਦੇ

ਢਾਹਾਂ ਸਾਹਿਤ ਇਨਾਮ ਦੇ ਜੇਤੂ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਅਤੇ ਭਗਵੰਤ ਰਸੂਲਪੁਰੀ ਆਪਣੀਆਂ ਜੇਤੂ ਟਰਾਫੀਆਂ ਸਮੇਤ।

ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ "ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣਾ ਹੈ । ਇਸ ਲਈ ਪੰਜਾਬੀ ਗਲਪ ਵਿੱਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਉਹਨਾਂ ਲਈ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਂਸਲਾ ਅਫਜ਼ਾਈ ਕਰਨੀ ਅਤੇ ਸਰਹੱਦਾਂ ਦੇ ਆਰ-ਪਾਰ ਸੱਭਿਆਚਾਰਕ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। " ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਦੁਨੀਆਂ ਭਰ ਵਿਚ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੀਆਂ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ । ਅਸੀਂ ਸਾਹਿਤ ਰਾਹੀਂ ਦੋਵਾਂ ਪੰਜਾਬਾਂ ਵਿਚ ਵੀ ਸਾਂਝਾਂ ਦਾ ਪੁਲ ਬਣਾਉਣ ਲਈ ਯਤਨਸ਼ੀਲ ਹਾਂ । ਇਸ ਲਈ ਇਹਨਾਂ ਜੇਤੂ ਪੁਸਤਕਾਂ ਦਾ ਲਿਪੀਅੰਤਰਨ ਕਰਕੇ ਆਮ ਲੋਕਾਈ ਤੱਕ ਪੁੰਹਚਣਾ ਇਸ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਪ੍ਰਮੁੱਖ ਹੈ । ਉਹਨਾਂ ਕਿਹਾ ਕਿ ਸਾਲ 2025 ਇਨਾਮ ਦੇ ਜੇਤੂ ਜਿੱਥੇ ਸਾਡੇ ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਸਾਨੂੰ ਇੱਕ ਵਿੱਲਖਣ ਸੁਨੇਹਾ ਪ੍ਰਦਾਨ ਕਰਦੇ ਹਨ । ਉਹਨਾਂ ਕਿਹਾ ਕਿ ਢਾਹਾਂ ਸਾਹਿਤ ਪੁਰਸਕਾਰ ਵੱਲੋਂ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨ, ਮਾਂ-ਬੋਲੀ ਅਤੇ ਪੰਜਾਬੀ ਭਾਸ਼ਾ-ਸਾਹਿਤ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਵੱਖ ਵੱਖ ਉਪਰਾਲੇ ਕਰ ਰਿਹਾ ਹੈ ।

ਇਸ ਮੌਕੇ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ, ਸੈਨੇਟਰ ਸ. ਬਲਤੇਜ ਸਿੰਘ ਢਿੱਲੋਂ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਵੱਲੋਂ ਮਨਮੋਹਕ ਸੰਗੀਤਕ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ । ਸਨਮਾਨ ਸਮਾਰੋਹ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਅਤੇ ਸਰੀ ਸ਼ਹਿਰ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮਰਪਿਤ "ਪੰਜਾਬੀ ਸਾਹਿਤ ਹਫਤੇ" ਦੀ ਹੋਈ ਘੋਸ਼ਣਾ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ । ਇਸ ਮੌਕੇ ਵੱਖ ਵੱਖ ਪ੍ਰਸਿੱਧ ਲੇਖਕਾਂ ਤੋਂ ਇਲਾਵਾ ਸਿਆਸੀ ਆਗੂ, ਸਮਾਜਿਕ ਕਾਰਕੁੰਨ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਢਾਹਾਂ ਪਰਿਵਾਰ ਵੱਲੋਂ ਸਾਲ 2013 'ਚ ਸਥਾਪਿਤ ਕੀਤਾ ਗਿਆ ਸੀ। ਇਸ ਖਿੱਤੇ ਵਿੱਚ ਪੰਜਾਬੀ ਲੋਕਾਂ, ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਧਾਗਾ ਹੈ। ਇਸ ਇਨਾਮ ਦੇ ਪ੍ਰਮੁੱਖ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਦੀ ਪਤਨੀ ਰੀਟਾ ਢਾਹਾਂ ਵੱਲੋਂ ਸਮੂਹ ਢਾਹਾਂ ਪਰਿਵਾਰ, ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ (ਛੀਓਸ਼) ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ੂਭਛ) ਦੇ ਸਹਿਯੋਗ ਨਾਲ ਸਾਲ 2013 ਵਿੱਚ ਢਾਹਾਂ ਪੁਰਸਕਾਰ ਦੀ ਸ਼ੁਰੂਆਤ ਕੀਤੀ ਸੀ । ਢਾਹਾਂ ਸਾਹਿਤ ਇਨਾਮ ਨੇ ਪਿਛਲੇ ਬਾਰਾਂ ਸਾਲਾਂ ਦੇ ਸ਼ਾਨਦਾਰ ਸਫਰ ਦੌਰਾਨ ਆਲੋਚਨਾਤਮਕ ਪ੍ਰਸ਼ੰਸਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਅਤੇ ਜਿਸ ਨਾਲ ਜੇਤੂ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਤਾਬਾਂ ਲਈ ਵਿਆਪਕ, ਬਹੁ-ਭਾਸ਼ਾਈ ਸਰੋਤਿਆਂ ਤੱਕ ਪਹੁੰਚਣ ਲਈ ਢਾਹਾਂ ਸਾਹਿਤ ਇਨਾਮ ਨੇ ਨਵੇਂ ਰਾਹ ਬਣਾਏ ਹਨ । ਵਰਨਣਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਢਾਹਾਂ ਦੇ ਜੰਮਪਲ ਅਤੇ ਬੀ.ਸੀ. ਕੈਨੇਡਾ ਦੇ ਨਿਵਾਸੀ ਬਰਜਿੰਦਰ ਸਿੰਘ ਢਾਹਾਂ, ਬੀਬੀ ਕਸ਼ਮੀਰ ਕੌਰ ਢਾਹਾਂ ਅਤੇ ਪ੍ਰਸਿੱਧ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਹੋਣਹਾਰ ਸਪੁੱਤਰ ਅਤੇ ਇਸ ਟਰੱਸਟ ਦੇ ਮੌਜੂਦਾ ਮੀਤ ਪ੍ਰਧਾਨ ਵੀ ਹਨ । ਉਹਨਾਂ ਦੇ ਸਮੂਹ ਢਾਹਾਂ ਪਰਿਵਾਰ ਵੱਲੋਂ ਕਾਇਮ ਕੀਤਾ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਵਿੱਚ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਬਣ ਚੁੱਕਾ ਹੈ ।

ਦਿੱਲੀ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਵਾਰਦਾਤ ਨੂੰ ਅੰਜਾਮ ਦੇਣਾ ਕਿਸੇ ਚੁਣੌਤੀ ਤੋ ਘੱਟ ਨਹੀ : ਲੰਬਰਦਾਰ ਰਣਜੀਤ ਰਾਣਾ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਉੱਘੇ ਸਮਾਜ ਸੇਵਕ ਅਤੇ ਪੁਰਹੀਰਾ ਤੋ ਲੰਬਰਦਾਰ ਰਣਜੀਤ ਸਿੰਘ ਰਾਣਾ ਨੇ ਦਿੱਲੀ ਦੇ ਲਾਲ ਕਿਲੇ ਦੇ ਬਾਹਰ ਹੋਏ ਬੰਬ ਧਮਾਕੇ ਬਾਰੇ ਟਿੱਪਣੀ ਕਰਦਿਆਂ ਇਸ ਨੂੰ ਮਨੁੱਖਤਾ ਵਿਰੋਧੀ ਨਿੰਦਣਯੋਗ ਵਾਰਦਾਤ ਦੱਸਿਆ। ਉਹਨਾਂ ਧਮਾਕੇ ਵਿੱਚ ਜਾਨਾਂ ਗੁਆਉਣ ਵਾਲੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਜਖਮੀ ਹੋਏ ਨਾਗਰਿਕਾਂ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਇਸ ਦੌਰਾਨ ਉਹਨਾਂ ਇੱਕ ਵਾਰ ਫਿਰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਅੱਤਵਾਦ ਦੇ ਮਾਮਲੇ 'ਚ ਕਾਰਗੁਜਾਰੀਆਂ ਨੂੰ ਲੈ ਕੇ ਸਵਾਲ ਖੜੇ ਕੀਤੇ ਅਤੇ ਕਿਹਾ ਕਿ ਦਿੱਲੀ ਵਰਗੇ ਸ਼ਹਿਰ ਅਤੇ ਲਾਲ ਕਿਲੇ ਵਰਗੀ ਹੈਰੀਟੇਜ ਇਮਾਰਤ ਦੇ ਸਾਮਹਣੇ ਅਜਿਹੀ ਵਾਰਦ-ਾਤ ਹੋਣਾ ਸੁਰੱਖਿਆ ਦੀ ਬਹੁਤ ਵੱਡੀ ਖਾਮੀ ਹੈ । ਉਹਨਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜਿੰਮੇਵਾਰੀ ਹੈ ਜਿਸ ਨੂੰ ਨਿਭਾਉਣ ਵਿੱਚ ਉਹ ਪੂਰੀ ਤਰ੍ਹਾਂ ਨਾਲ ਨਾਕਾਮ ਹਨ। ਉਹਨਾ ਕਿਹਾ ਕਿ ਹਾਲੇ ਕੁੱਝ ਹੀ ਮਹੀਨੇ ਪਹਿਲਾਂ ਜੰਮੂ-ਕਸ਼ਮੀਰ ਦੇ ਪਹਿਲਗਾਮ

ਵਿਖੇ ਦਹਿਸ਼ਤਗਰਦਾਂ ਵੱਲੋਂ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ । ਜਿਸ ਤੋਂ ਬਾਅਦ ਅਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਦੇ ਖਿਲਾਫ ਫੌਜੀ ਕਾਰਵਾਈ ਕਰਦਿਆਂ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਭਰੋਸਾ ਦਿੱਤਾ ਸੀ ਕਿ ਇਸ ਤੋਂ ਬਾਅਦ ਭਾਰਤ ਵਿੱਚ ਕੋਈ ਅੱਤਵਾਦੀ ਘਟਨਾ ਨਹੀਂ ਵਾਪਰੇਗੀ। ਲੇਕਿਨ ਦੇਸ਼ ਵਿਰੋਧੀ ਤਾਕਤਾਂ ਦੀ ਪਹੁੰਚ ਦਿੱਲੀ ਦੇ ਅਤਿ ਸੁਰੱਖਿਅਤ ਸਮਝੇ ਜਾਣ ਵਾਲੇ ਇਲਾਕਿਆਂ 'ਚ ਹੋ ਚੁੱਕੀ ਹੈ ਅਤੇ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ। ਉਹਨਾਂ ਬਿਹਾਰ ਵਿਧਾਨਸਭਾ ਚੋਣਾਂ ਦੇ ਦੂਸਰੇ ਦੌਰ ਦੀ ਵੋਟਿੰਗ ਤੋਂ ਠੀਕ ਪਹਿਲਾਂ ਇਸ ਵਾਰਦਾਤ ਦੇ ਵਾਪਰਨ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਖਦਸ਼ੇ ਜਾਹਿਰ ਕੀਤੇ ਅਤੇ ਕਿਹਾ ਕਿ ਪੁਲਵਾਮਾ ਦਾ ਅੱਤਵਾਦੀ ਹਮਲਾ 2019 ਦੀਆਂ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਇਆ। ਹੁਣ ਬਿਹਾਰ ਦੀਆਂ ਵਿਧਾਨਸਭਾ ਚੋਣਾਂ ਵਿਚਕਾਰ ਇਹ ਵੱਡੀ ਵਾਰਦਾਤ ਸਾਹਮਣੇ ਆਈ ਹੈ। ਮੋਦੀ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਦੇਸ਼ ਦੀ ਰਾਜਧਾਨੀ ਵਿੱਚ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਇਸ ਵਾਰਦਾਤ ਨੂੰ ਅੰਜਾਮ ਕਿਸ ਤਰ੍ਹਾਂ ਦੇ ਦਿੱਤਾ ਗਿਆ। ਉਹਨਾਂ ਕਿਹਾ ਕਿ ਪਹਿਲਗਾਮ ਹਮਲੇ ਸਮੇਂ ਵੀ ਸਰਕਾਰ ਦੇ ਪਾਸ ਖੂਫੀਆ ਜਾਣਕਾਰੀ ਸੀ ਅਤੇ ਜੰਗਲਾਂ 'ਚ ਸਰਚ ਮੁਹਿਮ ਵੀ ਚੱਲ ਰਹੀ ਸੀ। ਪਰ ਇਸਦੇ ਬਾਵਜੂਦ 27 ਸੈਲਾਨੀਆਂ ਦੀ ਜਿੰਦਗੀ ਚਲੀ ਗਈ। ਉਹਨਾਂ ਦਿੱਲੀ ਬੰਬ ਧਮਾਕੇ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਤਾਂ ਕਿ ਪਤਾ ਲੱਗੇ ਕਿ ਆਖਿਰ ਦਿੱਲੀ ਦੀ ਸੁਰੱਖਿਆ 'ਚ ਕਿੱਥੇ ਅਣਗਹਿਲੀ ਹੋਈ ਹੈ। ਉਹਨਾਂ ਕਿਹਾ ਕਿ ਦੇਸ਼ ਜਾਣਨਾ ਚਾਹੁੰਦਾ ਹੈ ਕਿ ਪੁਲਵਾਮਾ ਅਤੇ ਪਹਿਲਗਾਮ ਦੀ ਤਰ੍ਹਾਂ ਇਸ ਘਟਨਾਂ ਦੇ ਪਿੱਛੇ ਵੀ ਕੇਂਦਰ ਦੀ ਨਾਕਾਮੀ ਜਾਂ ਜਾਣਬੁੱਝ ਕੇ ਸੁਰੱਖਿਆ ਪ੍ਰਬੰਧਾਂ 'ਚ ਵਰਤੀ ਖਾਮੀ ਤਾਂ ਜਿੰਮੇਵਾਰ ਨਹੀਂ ਹੈ।

ਬੰਦੀ ਸਿੰਘਾਂ ਦੀ ਰਿਹਾਈ ਕੱਢੇ ਜਾ ਰਹੇ ਮਾਰਚ ਨੂੰ ਰੋਕ ਕੇ ਕੇਂਦਰ ਅਤੇ ਪੰਜਾਬ ਸਰਕਾਰ ਨੇ ਕੀਤੀ ਵੱਡੀ ਗਲਤੀ : ਗੁਰਨਾਮ ਸਿੰਗੜੀਵਾਲਾ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ ਮੋਰਚੇ ਦੀ ਅਗਵਾਈ ਹੇਠ ਵੱਖ-ਵੱਖ ਰਾਜਸੀ, ਧਾਰਮਿਕ, ਕਿਸਾਨ ਅਤੇ ਸਮਾਜਿਕ ਜਥੇਬੰਦੀਆਂ ਵਲੋ ਚੰਡੀਗੜ੍ਹ ਤੋਂ ਗੁਰਦੁਆਰਾ ਸ਼ੀਸ਼ ਗੰਜ ਸਾਹਿਬ ਤੱਕ ਕੱਢੇ ਜਾ ਰਹੇ ਵਿਸ਼ਾਲ ਮਾਰਚ ਨੂੰ ਪੰਜਾਬ ਹਰਿਆਣਾ ਸ਼ੰਭੂ ਬਾਰਡਰ ਤੇ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਹਰਿਆਣਾ ਅਤੇ ਪੰਜਾਬ ਸਰਕਾਰ ਵੱਲੋਂ ਰੋਕ ਕੇ ਵੱਡੀ ਇਤਿਹਾਸਿਕ ਗਲਤੀ ਕੀਤੀ ਹੈ ਜਿਸ ਨੂੰ ਸਿੱਖ ਕੌਮ ਅਤੇ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਗੁਰਨਾਮ ਸਿੰਘ ਸਿੰਗੜੀਵਾਲਾ ਜਿਲ੍ਹਾ ਪ੍ਰਧਾਨ ਵਲੋ ਮਾਰਚ ਵਿੱਚ ਸ਼ਮੂਲੀਅਤ ਕਰਨ ਤੋਂ ਬਾਅਦ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕੀਤਾ ਇਸ ਸਮੇਂ ਗੁਰਨ-ਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਘੱਟ ਗਿਣਤੀਆਂ ਖਿਲਾਫ਼ ਜਬਰ ਕਰਕੇ ਬਹੁਗਿਣਤੀ ਨੂੰ ਖੁਸ਼ ਕਰਨ ਦੀ ਹਿੰਦੂਤਵਾ ਨੀਤੀ ਦੀ ਸਖਤ ਨਿਖੇਦੀ ਕਰਦਿਆਂ ਹੋਇਆਂ ਕਿਹਾ ਕਿ ਇੱਕ ਪਾਸੇ ਤਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਬਿਲਕਸ ਬਾਨੋ ਦੇ ਬਲਾਤਕਾਰੀਆਂ ਅਤੇ ਪਰਿਵਾਰ ਦੇ ਕਾਤਲਾਂ ਨੂੰ ਸਜਾਵਾਂ

ਪੂਰੀਆਂ ਹੋਣ ਤੋਂ ਪਹਿਲਾਂ ਰਿਹਾਈ ਦੇ ਹੁਕਮ ਦੇ ਰਹੀਆਂ ਹਨ ਅਤੇ ਦੂਸਰੇ ਪਾਸੇ ਘੱਟ ਗਿਣਤੀਆਂ ਦੇ ਆਗੂਆਂ ਨੂੰ ਸਜਾਵਾਂ ਭੁਗਤਣ ਤੋਂ ਬਾਅਦ ਵੀ ਜੇਲਾਂ ਵਿੱਚ ਡੱਕਿਆ ਹੋਇਆ ਹੈ ਜਿਸ ਨੂੰ ਸਿੱਖ ਕੌਮ ਅਤੇ ਪੰਜਾਬ ਦੇ ਕਿਸਾਨ, ਮਜ਼ਦੂਰ ਧਾਰਮਿਕ ਅਤੇ ਰਾਜਸੀ ਪਾਰਟੀਆਂ ਦੇ ਇਨਸਾਫ ਪਸੰਦ ਲੋਕ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਕੇਂਦਰ ਸਰਕਾਰ ਦੇ ਡਿਕਟੇਟਰਸ਼ਿਪ ਵਾਲੇ ਰਵਈਏ ਦਾ ਡੱਟ ਕੇ ਵਿਰੋਧ ਕਰਨਗੇ ਇਸ ਸਮੇਂ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਨਾਲ ਨਾਲ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਵੀ ਵੱਡੀ ਪੱਧਰ ਤੇ ਮਾਰਚ ਨੂੰ ਰੋਕਣ ਲਈ ਕੀਤੇ ਯਤਨਾ ਦੇ ਵੀ ਸਖਤ ਲਫਜ਼ਾਂ ਚ ਨਿਖੇਦੀ ਕੀਤੀ ਅਤੇ ਕਿਹਾ ਕਿ ਜੇਕਰ ਬੰਦੀ ਸਿੰਘਾਂ ਨੂੰ ਜਲਦ ਤੋਂ ਜਲਦ ਰਿਹਾ ਨਾ ਕੀਤਾ ਤਾਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਿੱਖ ਕੌਮ ਅਤੇ ਪੰਜਾਬੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਇਨਸਾਫ ਪਸੰਦ ਲੋਕਾਂ ਦੇ ਸਖਤ ਵਿਰੋਧ ਦਾ ਸਾਹ-ਮਣਾ ਕਰਨਾ ਪਵੇਗਾ ਇਸ ਮੌਕੇ ਹੋਰਨਾਂ ਤੋ ਇਲਾਵਾ ਜਨਰਲ ਸਕੱਤਰ ਗੁਰਜੰਟ ਸਿੰਘ ਕੱਟੂ, ਸਮੇਂ ਪਰਮਜੀਤ ਸਿੰਘ ਮੇਘੋਵਾਲ , ਗੁਰਮੁਖ ਸਿੰਘ ਜੀਵਨਪੁਰ ਜੱਟਾਂ, ਵਰਿੰਦਰ ਸਿੰਘ ਬਜਵਾੜਾ ਆਦਿ ਹਾਜ਼ਰ ਸਨ !

ਫੋਟੋ ਅਜਮੇਰ ਦੀਵਾਨਾ

ਪਿੰਡ ਨਗਰ ਨਵੀਂ ਆਬਾਦੀ ਦੇ ਨਿਵਾਸੀ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਡਾਢੇ ਪ੍ਰੇਸ਼ਾਨ

ਸੀਵਰੇਜ ਦਾ ਪਾਣੀ ਸੜਕ ਤੇ ਖੜਾ ਹੋਣ ਨਾਲ ਕਿਸੇ ਵੀ ਸਮੇਂ ਹੋ ਸਕਦਾ ਹੈ ਵੱਡਾ ਹਾਦਸਾ

ਫਿਲੌਰ/ਅੱਪਰਾ(ਦੀਪਾ)-ਨਵਾਂ ਸ਼ਹਿਰ ਰੋਡ ਫਿਲੌਰ ਦੀ ਨਵੀਂ ਸੜਕ ਬਣੀ ਨੂੰ ਕੁੱਝ ਹੀ ਮਹੀਨੇ ਹੋਏ ਹਨ ਫਿਲੌਰ ਤੋਂ ਪਿੰਡ ਨਗਰ ਨੂੰ ਜਾਂਦਿਆਂ ਰਾਹ ਵਿੱਚ ਪੈਟਰੋਲ ਪੰਪ ਦੇ ਨਜ਼ਦੀਕ ਅੱਧੀ ਸੜਕ ਵਿੱਚ ਪਾਣੀ ਰੋਜ਼ਾਨਾ ਖੜਾ ਰਹਿੰਦਾ ਹੈ। ਜਿਸ ਨਾਲ ਆਉਣ ਜਾਣ ਵਾਲੇ ਵਾਹਨਾਂ ਨੂੰ ਲੰਘਣ ਵਿੱਚ ਸਮੱਸਿਆ ਆਉਂਦੀ ਹੈ ਤੇ ਕਦੇ ਵੀ ਕੋਈ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਪੈਟਰੋਲ ਪੰਪ ਵਾਲਿਆਂ ਨੇ ਵੀ ਪਾਣੀ ਨੂੰ ਆਪਣੇ ਵੱਲ ਆਉਣ ਤੋਂ ਰੋਕਣ ਲਈ ਮਿੱਟੀ ਦੇ ਵੱਡੇ ਵੱਡੇ ਢੇਰ ਲਾਏ ਹੋਏ ਹਨ।ਇਹ ਸੀਵਰੇਜ ਦਾ ਪਾਣੀ ਨਵੀਂ ਆਬਾਦੀ ਪਿੰਡ ਨਗਰ ਦਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਪਿਛਲੇ 25 ਸਾਲਾਂ ਤੋਂ ਸਾਡੇ ਘਰਾਂ ਦਾ ਪਾਣੀ ਇਕ ਜ਼ਿਮੀਂਦਾਰ ਦੇ ਖੇਤ ਵਿੱਚ ਜਾ ਰਿਹਾ ਸੀ ਤੇ ਉਹ ਪਾਣੀ ਦੀ ਵਰਤੋਂ ਖੇਤੀਬਾੜੀ ਲਈ ਕਰਦੇ ਸਨ। ਨਵੀ ਆਬਾਦੀ ਦੀ ਅਬਾਦੀ ਵੱਧਣ ਕਾਰਨ ਪਾਣੀ ਦੀ ਮਾਤਰਾ ਵੀ ਵੱਧ ਗਈ। ਜਿਸ ਕਾਰਨ ਜਿੰਮੀਦਾਰ ਨੇ ਖੇਤ ਅੱਗੇ ਕਿਸੇ ਹੋਰ ਨੂੰ ਵੇਚ ਦਿੱਤਾ ਤੇ ਨਵੇਂ

ਮਾਲਕ ਨੇ ਪਾਣੀ ਖੇਤ ਵਿਚ ਪਾਉਣ ਤੋਂ ਮਨਾ ਕਰ ਦਿੱਤਾ ਜਿਸ ਨਾਲ ਲੋਕਾਂ ਦੇ ਘਰਾਂ ਦਾ ਪਾਣੀ ਸੜਕ ਤੇ ਜਮਾ ਹੋ ਗਿਆ। ਪਾਣੀ ਲੋਕਾਂ ਦੇ ਘਰਾ ਅੱਗੇ ਖੜਾ ਹੋ ਜਾਂਦਾ ਹੈ ਤੇ ਲੋਕ ਆਪ ਹੀ ਪਾਣੀ ਤੇ ਮਿੱਟੀ ਪਾ ਕੇ ਸੁਕਾਉਂਦੇ ਹਨ। ਮੋਹਨ ਲਾਲ ਨੇ ਦੱਸਿਆ ਕਿ ਸਵੇਰ ਵੇਲੇ ਪਾਣੀ ਨਾਲ ਨਾਲੀਆਂ ਪੂਰੀਆਂ ਭਰ ਜਾਂਦੀਆਂ ਹਨ ਤੇ ਪਾਣੀ ਸਾਡੇ ਘਰਾਂ ਦੇ ਅੰਦਰ ਵੜ ਜਾਂਦਾ ਹੈ ਤੇ ਮੀਂਹ ਦੇ ਦਿਨਾਂ ਵਿੱਚ ਤਾਂ ਪਾਣੀ ਵਿਹੜੇ ਵਿੱਚ ਖੜਾ ਰਹਿੰਦਾ ਹੈ ਕਮਰਿਆਂ ਵਿੱਚ ਪਾਣੀ ਜਾਣ ਤੋਂ ਰੋਕਣ ਲਈ ਬੂਹੇ ਤੇ ਪੱਕੀਆਂ ਇੱਟਾਂ ਲਾਈਆਂ ਹੋਈਆਂ ਹਨ। ਗੰਦਾ ਪਾਣੀ ਖੜਾ ਹੋਣ ਨਾਲ ਪਿੰਡ ਵਾਸੀਆਂ ਵਿੱਚ ਬਿਮਾਰੀਆਂ ਫੈਲਣ ਦਾ ਵੀ ਖਤਰਾ ਹੈ। ਸੜਕ ਦੇ ਆਲੇ ਦੁਆਲੇ ਖੇਤਾਂ ਵਿਚ ਪਾਣੀ ਨੂੰ ਜਾਣ ਤੋਂ ਰੋਕਣ ਲਈ ਜਿੰਮੀਦਾਰਾਂ ਨੇ ਰਾਹ ਚ ਮਿੱਟੀ ਲਾਈ ਹੋਈ ਹੈ ਤਾਂ ਕਿ ਕਿਸੇ ਦੇ ਖੇਤ ਵਿਚ ਪਾਣੀ ਨਾ ਜਾਵੇ। ਉਹਨਾਂ ਪਿੰਡ ਨਗਰ ਦੀ ਪੰਚਾਇਤ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ ਨਹੀਂ ਤਾਂ ਵੱਡਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਮੀਨਾ ਕੁਮਾਰੀ, ਨਜੀਰ ਮੁਹੰਮਦ, ਕੁਲਵਿੰਦਰ ਚੰਦ, ਮਕਸੂਦ, ਕੁਲਵਿੰਦਰ ਕੁਮਾਰ, ਤਾਰਾ ਚੰਦ, ਰਮੇਸ਼ ਚੰਦਰ, ਦੇਵ ਰਾਜ, ਰੇਖਾ ਰਾਣੀ, ਵੀਨਾ ਰਾਣੀ, ਸਿਮਰਨ, ਬੀਰੋ ਜਗਦੀਸ਼ ਕੁਮਾਰ, ਸੁਨੀਲ ਸਿਮਰੋ, ਕਸਮੀਰੋ, ਕਿਰਨ ਤੋਂ ਇਲਾਵਾ ਹੋਰ ਪਿੰਡ ਵਾਸੀ ਮੌਜੂਦ ਸਨ।

ਅਜੋਕੇ ਦੌਰ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਬੋਲੀ ਨਾਲ ਕਿਸ ਤਰ੍ਹਾਂ ਜੋੜੀਏ?

ਪੰਜਾਬੀ ਕੇਵਲ ਇੱਕ ਭਾਸ਼ਾ ਨਹੀਂ ਇਹ ਸਾਡੀ ਹੋਂਦ ਦੀ ਪਹਿਚਾਣ ਹੈ
ਬੋਲੀਆਂ ਸਾਰੀਆਂ ਸਤਿਕਾਰਤ ਹਨ ਪੰਜਾਬੀ ਤੇ ਮੈਨੂੰ ਵੱਧ ਮਾਣ ਹੈ।
ਅੱਜ ਦੇ ਵਿਗਿਆਨ ਤੇ ਤਕਨੀਕੀ ਤਰੱਕੀ ਵਾਲੇ ਯੁੱਗ ਵਿੱਚ ਵਿਦਿਆਰਥੀ ਆਧੁਨਿਕ ਤਕਨੀਕਾਂ,ਵੱਖ ਵੱਖ ਭਾਸ਼ਾਵਾਂ ਅਤੇ ਪੱਛਮੀ ਸਭਿਆਚਾਰ ਵੱਲ ਤੇਜ਼ੀ ਨਾਲ ਪ੍ਰਭਾਵਿਤ ਹੋ ਰਹੇ ਹਨ। ਵਿਦਿਆਰਥੀਆਂ ਅਤੇ ਮਾਂ-ਬੋਲੀ ਪੰਜਾਬੀ ਵਿਚਕਾਰ ਵੱਧਦੇ ਹੋਏ ਪਾੜੇ ਨੇ ਬੁੱਧੀਜੀਵੀ ਵਰਗ ਨੂੰ ਇੱਕ ਗੰਭੀਰ ਚਿੰਤਾ ਵਿੱਚ ਪਾ ਦਿੱਤਾ ਹੈ। ਪੰਜਾਬੀ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਹੀ ਨਹੀਂ ਹੈ ਬਲਕਿ ਇਹ ਪੰਜਾਬੀ ਸਭਿਆਚਾਰ , ਰੀਤੀ ਰਿਵਾਜ਼ ਅਤੇ ਪੰਜਾਬੀਆਂ ਦੀ ਵਿਲੱਖਣ ਪਹਿਚਾਣ ਦਾ ਅਹਿਮ ਅੰਗ ਹੁੰਦੀ ਹੈ।

ਪੰਜਾਬੀ ਤੋਂ ਦੂਰੀ ਦੇ ਕਾਰਨ?

ਵਿਦਿਆਰਥੀਆਂ ਵਿਚੋਂ ਬਹੁਤੇ ਪੰਜਾਬੀ ਨੂੰ ਸਿਰਫ਼ ਇੱਕ ਵਿਸ਼ੇ ਤੱਕ ਹੀ ਸੀਮਤ ਕਰਕੇ ਦੇਖਦੇ ਹਨ। ਸਕੂਲਾਂ, ਕਾਲਜਾਂ ਅਤੇ ਪਰਿਵਾਰਾਂ ਵਿੱਚ ਅਕਸਰ ਅੰਗਰੇਜ਼ੀ ਭਾਸ਼ਾ ਬੋਲਣ ਨੂੰ ਹੀ ਸਿਆਣਪ, ਸੂਝਵਾਨਤਾ ਅਤੇ ਸੱਮਰਥਤਾ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਸਮਾਜਕ ਮੀਡੀਆ, ਟੈਲੀਵਿਜ਼ਨ ਅਤੇ ਵੈੱਬ ਸੀਰੀਜ਼ ਦੇ ਘਰਾਂ ਵਿੱਚ ਵੱਧ ਰਹੇ ਪ੍ਰਭਾਵ ਨੂੰ ਵੀਤਇਸ ਦਿਸ਼ਾ ਵਿੱਚ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਨਾਲ ਜੋੜਨ ਦੇ ਉਪਾਅ

1. ਘਰ ਤੋਂ ਸ਼ੁਰੂਆਤ:
ਮਾਂ-ਬੋਲੀ ਦੀ ਸਿਖਲਾਈ ਦੀ ਪਹਿਲੀ ਜ਼ਿੰਮੇਵਾਰੀ ਪਰਿਵਾਰ ਦੀ ਹੁੰਦੀ ਹੈ। ਮਾਪੇ ਆਪਣੇ ਬੱਚਿਆਂ ਨਾਲ ਘਰ ਵਿੱਚ ਪੰਜਾਬੀ ਵਿਚ ਗੱਲਬਾਤ ਕਰਨ ਅਤੇ ਬਾਲ ਅਵਸਥਾ ਤੋਂ ਹੀ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਦੇ ਅਮੀਰ ਵਿਰਸੇ ਨਾਲ ਜੋੜਨ ਦੀ ਹਰ ਸੰਭਵ ਕੋਸ਼ਿਸ਼ ਕਰਨ।

2. ਸਿੱਖਿਆ ਪ੍ਰਣਾਲੀ ਵਿੱਚ ਬਦਲਾਅ:
ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਭਾਸ਼ਾ ਨੂੰ ਮਜ਼ਬੂਤ ਬਣਾਉਣ ਲਈ ਰਚਨਾਤਮਕ ਢੰਗ ਵਰਤਣੇ ਚਾਹੀਦੇ ਹਨ। ਨਾਟਕ, ਕਵਿਤਾ ਪਾਠ, ਲੇਖਨ ਮੁਕਾਬਲੇ ਅਤੇ ਭਾਸ਼ਣ ਪ੍ਰਤੀਯੋਗਤਾਵਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਵਿਚ ਰੁਚੀ ਲੈਣ ਲਈ ਉਤਸ਼ਾਹਤ ਕੀਤਾ ਜਾ ਸਕਦਾ ਹੈ।

3. ਤਕਨੀਕ ਦਾ ਸਹੀ ਉਪਯੋਗ:
ਪੰਜਾਬੀ ਵਿਚ ਐਪ, ਈ-ਬੁਕਸ, ਆਡੀਓ ਕਹਾਣੀਆਂ, ਅਤੇ ਪੋਡਕਾਸਟ ਤਿਆਰ ਕਰਕੇ ਵਿਦਿਆਰਥੀਆਂ ਨੂੰ ਮਾਂ-ਬੋਲੀ ਦੇ ਨਵੇਂ ਰੂਪਾਂ ਨਾਲ ਜੋੜਿਆ ਜਾ ਸਕਦਾ ਹੈ।

4. ਪੰਜਾਬੀ ਸੱਭਿਆਚਾਰਕ ਈਵੈਂਟ:
ਸਕੂਲਾਂ ਅਤੇ ਸਮਾਜਕ ਸੰਸਥਾਵਾਂ ਵੱਲੋਂ ਲੋਹੜੀ, ਵੈਸਾਖੀ ਆਦਿ ਦੇ ਮੂਲ ਪੰਜਾਬੀ ਤਿਉਹਾਰਾਂ ਤੇ ਲੋਕ ਨਾਚ ਗਿੱਧਾ-ਭੰਗੜਾ, ਲੋਕ-ਗੀਤ ਅਤੇ ਪੰਜਾਬੀ ਲੇਖਕਾਂ ਦੀਆਂ ਕਵਿਤਾਵਾਂ ਨੂੰ ਪੇਸ਼ ਕਰਕੇ ਵਿਦਿਆਰਥੀਆਂ ਵਿੱਚ ਮਾਂ-ਬੋਲੀ ਵੱਲ ਲਗਾਅ ਵਧਾਇਆ ਜਾ ਸਕਦਾ ਹੈ।

5. ਪ੍ਰੇਰਕ ਰੋਲ ਮਾਡਲ:
ਅਜੋਕੇ ਸਮੇਂ ਦੇ ਪੰਜਾਬੀ ਕਵੀ, ਲੇਖਕ, ਗਾਇਕ ਅਤੇ ਅਦਾਕਾਰ ਜਿਹੜੇ ਆਪਣੀ ਭਾਸ਼ਾ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਵਿਦਿਆਰਥੀਆਂ ਨਾਲ ਰੂਬਰੂ ਕਰਾ ਕੇ ਉਹਨਾਂ ਲਈ ਪ੍ਰੇਰਣਾ ਦਾ ਸਰੋਤ ਬਣਾਇਆ ਜਾ ਸਕਦਾ ਹੈ।
ਮਾਂ-ਬੋਲੀ ਪੰਜਾਬੀ ਸਾਡੀ ਰੂਹ ਦੀ ਅਵਾਜ਼ ਹੈ। ਜੇਕਰ ਅਸੀਂ ਅੱਜ ਦੇ ਵਿਦਿਆਰਥੀਆਂ ਨੂੰ ਇਸ ਨਾਲ ਨਾ ਜੋੜ ਸਕੇ ਤਾਂ ਭਵਿੱਖ ਵਿੱਚ ਇਹ ਧੁੰਦਲੀ ਹੋ ਰਹੀ ਪਛਾਣ ਲਈ ਸਾਡੀ ਨਮੋਸ਼ੀ ਬਣ ਜਾਵੇਗੀ। ਪੰਜਾਬੀ ਨੂੰ ਮਾਣ ਦੇਣਾ ਤੇ ਮਾਂ ਬੋਲੀ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ

ਤਸਮਾਨੀਆ ਦਾ ਸੈਰ ਸਪਾਟਾ

ਕੋਈ ਕਸ਼ਮੀਰ ਨੂੰ, ਦੁਨੀਆਂ ਦੀ ਜ਼ੰਨਤ, ਸਮਝਦਾ, ਕੋਈ ਸਮਝੇ ਸਵਿਟਜ਼ਰਲੈਂਡ ਨੂੰ। ਪਰ ਅੱਜ, ਤਸਮਾਨੀਆ ਦੀ ਗੇੜੀ ਲਾਈ, ਨਜ਼ਾਰੇ ਘੱਟ ਨਹੀਂ ਸਨ ,ਅਰਸ਼ੋਂ ਉਤਰੀ ਕਿਸੇ ਹੂਰ ਤੋਂ। ਮੈਨੂੰ ਤਾਂ, ਜਗ੍ਹਾ ਜਗ੍ਹਾ, ਖਿੜੇ ਫੁੱਲਾਂ ਦੇ, ਰੋਜ਼ ਗਾਰਡਨ ਦੇ ਪੈਂਦੇ ਝਲਕਾਰੇ। ਨਵੰਬਰ ਦਾ ਮਹੀਨਾ, ਭਾਵੇਂ ਗਰਮੀ ਦਾ,ਪਰ ਦੱਖਣੀ ਧਰੁਵ, ਨੇੜੇ ਹੋਣ ਕਰਕੇ, ਠੰਡੀ ਸੀਤ ਹਵਾ, ਚੱਕ ਚੱਕ ਮਾਰੇ। ਮੌਂਟ ਵਲਿੰਗਟਨ, ਇਥੇ ਹੈ ਸਭ ਤੋਂ ਉੱਚੀ ਪਹਾੜੀ,ਕਾਰ ਦੇ ਅੰਦਰੋਂ ਬੈਠੇ ਦੇਖਿਆ, ਸੌ ਕਿ0ਮੀ0 ਤੋਂ ਉੱਪਰ ਸਪੀਡ ਹਵਾ, ਬੰਦਿਆਂ ਨੂੰ ਉੜਾ ਉੜਾ ਮਾਰੇ। ਪੋਰਟ ਆਰਥਰ ਅਤੇ ਮੋਨਾ ਮਿਊਜ਼ੀਅਮ, ਆਰਟ ਗੈਲਰੀ, ਰੋਇਲ ਬੋਟੈਨੀਕਲ ਗਾਰਡਨ,ਰੋਸਨੀਹਿਲ ਲੁਕ ਆਊਟ ਨੇ ਦੇਖਣਯੋਗ ਥਾਵਾਂ। ਥੱਕ ਗਏ ਦੇਖ ਦੇਖ, ਸਾਰੀਆਂ ਭੁੱਲ ਭੁੱਲਾਵਾਂ।ਹੈਂਗਿੰਗ ਪੁਲ 1.22ਕਿ0ਮੀ0ਦੇ ਉੱਤੋਂ ਫੋਰਲੇਨ ਹਾਈਵੇਅ,ਇਕ ਕੋਨੇ ਤੋਂ ਦੂਜੇ ਕੋਨੇ ਤੱਕ ਹੈ ਯਾਦਗਾਰੀ ਬਣਾਇਆ।

ਇੱਕ ਖਾਸੀਅਤ ਦੇਖੀ ਹੈ, ਆਸਟ੍ਰੇਲੀਆ ਵਿੱਚ, ਕੁਦਰਤ ਨਾਲ ਕੋਈ ਖਿਲਵਾੜ ਨਹੀਂ ਕਰਦੇ। ਜਿਵੇਂ ਧਰਤ ਬਣੀ ਹੈ, ਉਸੇ ਰੂਪ ਵਿੱਚ, ਉਸ ਦਾ ਸੁੰਦਰੀਕਰਨ ਕਰਦੇ। ਬਿਆਰ, ਚੀਲ, ਸਫ਼ੈਦਾ, ਸਰੂ, ਫਰਨ (ਫਰਵਾਂਹ) ਦੀ ਇਮਾਰਤੀ ਲੱਕੜ,ਹੋਰ ਕਿਸਮਾਂ: ਹਰੜ, ਬਹੇੜਾ, ਆਂਵਲਾ, ਵਰਗੇ ਰੁੱਖ ਵੀ ਨੇ ਮਿਲਦੇ। ਇੰਨੇ ਸੰਘਣੇ ਜੰਗਲ, ਕਿਤੇ ਨ੍ਹੀਂ ਦੇਖੇ, ਨਾ ਜੰਗਲੀ ਜੀਵ, ਸੜਕਾਂ ਤੇ ਨਜ਼ਰ ਆਏ। ਉਨ੍ਹਾਂ ਦਾ

ਸੁਰੱਖਿਆ ਘੇਰਾ, ਸਰਕਾਰ ਦੇ ਹੱਥ, ਕਿਸੇ ਨੂੰ ਦਖ਼ਲ, ਦੇਣ ਨਹੀਂ ਦਿੰਦੀ। ਇਕਹਿਰੀਆਂ ਸੜਕਾਂ ਤੇ ਸਪੀਡ 20ਕਿ0ਮੀ0 ਤੋਂ ਉਪਰ ਨ੍ਹੀਂ ਹੁੰਦੀ। ਬੱਦਲਾਂ,ਧੁਪ,ਸੀਤ ਹਵਾਵਾਂ ਦਾ, ਮੁਕਾਬਲਾ ਚਲਦਾ ਰਹਿੰਦਾ,ਚਰਚਨੁਮਾ ਘਰਾਂ ਦਾ ਦ੍ਰਿਸ਼ , ਚੰਡੀਗੜ੍ਹ ਨੂੰ ਮਾਤ ਹੈ ਪਾਉਂਦਾ।ਹੋਬਰਟ ਅਤੇ ਲਾਅਨਸਿਸਟਨ ਸ਼ਹਿਰ, ਤਸਮਾਨੀਆ ਦੇ ਮੁੱਖ ਕੇਂਦਰ, ਪਹਾੜੀ ਤੇ ਪੱਧਰੇ ਇਲਾਕਿਆਂ ਦੇ,ਖਾੜੀਆਂ ਨਾਲ ਕਟੇ ਫਟੇ ਕਿਨਾਰਿਆਂ ਤੇ, ਖੜੀਆਂ ਮੋਟਰ ਚਾਲਿਤ ਕਿਸ਼ਤੀਆਂ ਤੇ, ਵਿਅਕਤੀਗਤ ਤੈਰਾਕੀ ਫੱਟਿਆਂ ਤੇ ਗੋਰੀਆਂ ਮੇਮਾਂ ਦੀ ਹਲ ਚਲ, ਮੇਲੇ ਦਾ ਨਜ਼ਾਰਾ ਮਨ ਨੂੰ ਭਾਉਂਦਾ। ਪਤਾ ਨਹੀਂ ਇਹ ਕੀ ਖਾਂਦੇ ਨੇ,ਇਕ ਅੰਗ੍ਰੇਜ਼ ਭਾਊ, ਨੰਗੇ ਪਿੰਡੇ,ਕੱਲੇ ਅੰਡਰਵੀਅਰ ਵਿੱਚ, ਦਾਰੇ ਭਲਵਾਨ ਵਾਂਗੂੰ, ਮਿਲਿਆ ਲੰਬੀ ਦੌੜ ਲਾਉਂਦਾ। ਨਵੇਂ ਨਵੇਂ ਚਿਹਰੇ ਪੜ੍ਹਨ ਨੂੰ ਮਿਲਦੇ।ਨਖਰੇ ਬਾਹਰ ਆਕੇ, ਜਾਂਦੇ ਨੇ ਭੁਲਦੇ। ਅੱਜ ਸੈਰ ਸਪਾਟੇ ਦੇ, ਆਖਰੀ ਦਿਨ 14 ਨਵੰਬਰ, ਇੱਕ ਗੇੜੀ ਮੌਂਟ ਵਲਿੰਗਟਨ, ਵੱਲ ਨੂੰ ਲਾਈ। ਪਹਿਲਾਂ ਧੁੱਪ ਸੀ, ਅੱਗੇ ਬੱਦਲਾਂ ਦੀ ਸੰਘਣੀ ਛਾਂ ਆਈ। ਬਰੀਕ ਕਣੀਆਂ ਸ਼ੁਰੂ ਹੋਈਆਂ,ਸੌ ਮੀਟਰ ਅੱਗੇ, ਬਰੀਕ ਬਰਫਬਾਰੀ ਨੇ, ਰਸਤੇ ਵਿੱਚ ਹੀ ਰੋਕਿਆ।ਬੇਟੇ ਨੇ, ਕਾਰ ਵਾਪਸ ਮੋੜੀ,ਰਸਤਾ ਸਲਿੱਪਰੀ ਹੋ ਜਾਣਾ, ਵਾਪਸੀ ਔਖੀ ਹੋ ਜਾਏਗੀ। ਸ਼ਡਿਊਲ ਵਾਪਸੀ, ਬ੍ਰਿਸਬੇਨ ਦੀ, ਜ਼ੋਖਮ ਵਿੱਚ ਪੈ ਜਾਏਗੀ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ 9878469639

ਪੰਜਾਬ ਦਾ ਰਾਜਨੀਤਕ ਭਵਿੱਖ: ਇੱਕ ਵਿਸ਼ਲੇਸ਼ਣ

ਨਵੰਬਰ 2025 ਦੇ ਮੌਜੂਦਾ ਸਮੇਂ ਵਿੱਚ ਪੰਜਾਬ ਦੀ ਰਾਜਨੀਤੀ ਇੱਕ ਅਨਿਸ਼ਚਿਤਤਾ ਅਤੇ ਬਦਲਾਵ ਦੇ ਮੋੜ ਤੇ ਖੜ੍ਹੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਆਪਣੀ ਪੰਥਕ ਵਿਰਾਸਤ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਉਹ ਅਜੇ ਵੀ ਮਾਰਜਿਨਲਾਈਜ਼ਡ ਹੈ। ਕਾਂਗਰਸ ਆਪਣੀ ਅੰਦਰੂਨੀ ਲੜਾਈ ਨਾਲ ਜੂਝ ਰਹੀ ਹੈ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ 2022 ਵਿੱਚ ਵਿਸ਼ਾਲ ਜਿੱਤ ਹਾਸਲ ਕੀਤੀ ਸੀ ਪਰ ਲੋਕ ਸਭਾ ਚੋਣਾਂ 2024 ਵਿੱਚ ਮਾੜੇ ਪ੍ਰਦਰਸ਼ਨ ਅਤੇ ਗਵਰਨੈਂਸ ਮੁੱਦਿਆਂ ਕਾਰਨ ਐਂਟੀ-ਇੰਕੰਬੈਂਸੀ ਦਾ ਸਾਹਮਣਾ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਅਜੇ ਵੀ ਪੰਜਾਬ ਵਿਰੋਧੀ ਵਜੋਂ ਦੇਖਿਆ ਜਾਂਦਾ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਨਵੇਂ ਸਿਰਿਉਂ ਉਭਰ ਰਹੀ ਹੈ ਤੇ ਆਪਣੇ ਸੀਮਤ ਸਾਧਨਾਂ ਨਾਲ ਸੰਘਰਸ਼ ਕਰ ਰਹੀ ਹੈ। ਅਜਿਹੇ ਮਾਹੌਲ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਰੂਪ ਦੇਣ ਵਾਲੀਆਂ ਹੋ ਸਕਦੀਆਂ ਹਨ।

ਇਸ ਲੇਖ ਵਿੱਚ ਅਸੀਂ ਮੌਜੂਦਾ ਮੁੱਖ ਧਿਰਾਂ ਦੀ ਸਥਿਤੀ ਅਤੇ ਸੰਭਾਵਿਤ ਨਤੀਜਿਆਂ ਬਾਰੇ ਵਿਸਥਾਰ ਨਾਲ ਚਰਚਾ ਕਰਾਂਗੇ।

ਮੌਜੂਦਾ ਰਾਜਨੀਤਕ ਮਾਹੌਲ ਅਤੇ ਤਾਜ਼ਾ ਪ੍ਰਸਥਿਤੀਆਂ

ਨਵੰਬਰ 2025 ਵਿੱਚ ਤਰਨ ਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਆਪ ਨੇ ਜਿੱਤ ਹਾਸਲ ਕੀਤੀ ਹੈ। ਆਪ ਉਮੀਦਵਾਰ ਹਰਮੀਤ ਸਿੰਘ ਸੰਧੂ (ਜੋ ਪਹਿਲਾਂ ਅਕਾਲੀ ਦਲ ਵਿੱਚ ਸਨ) ਨੇ ਅਕਾਲੀ ਉਮੀਦਵਾਰ ਨੂੰ 12,000 ਤੋਂ ਵੱਧ ਵੋਟਾਂ ਨਾਲ ਹਰਾਇਆ। ਇਹ ਜਿੱਤ ਆਪ ਲਈ ਵੱਡੀ ਰਾਹਤ ਹੈ ਕਿਉਂਕਿ 2024 ਲੋਕ ਸਭਾ ਚੋਣਾਂ ਵਿੱਚ ਉਸ ਨੇ ਸਿਰਫ਼ 3 ਸੀਟਾਂ ਜਿੱਤੀਆਂ ਸਨ ਅਤੇ ਵੋਟ ਸ਼ੇਅਰ ਘਟਿਆ ਸੀ। ਇਸ ਨਾਲ ਭਗਵੰਤ ਮਾਨ ਸਰਕਾਰ ਨੂੰ ਮੋਰੈਲ ਬੂਸਟ ਮਿਲਿਆ ਹੈ ਅਤੇ ਉਹ ਕਹਿ ਰਹੇ ਹਨ ਕਿ ਲੋਕ "ਕੰਮ ਵਾਲੀ ਰਾਜਨੀਤੀ" ਨੂੰ ਪਸੰਦ ਕਰ ਰਹੇ ਹਨ। ਪਰ ਵੋਟ ਸ਼ੇਅਰ ਵਿੱਚ ਗਿਰਾਵਟ (2022 ਨਾਲੋਂ 4-5%) ਅਤੇ ਐਂਟੀ-ਇੰਕੰਬੈਂਸੀ (ਨਸ਼ੇ, ਬੇਰੁਜ਼ਗਾਰੀ, ਕਰਜ਼ਾ) ਅਜੇ ਵੀ ਚੁਣੌਤੀ ਹਨ। ਅਕਾਲੀ ਦਲ (ਬਾਦਲ) ਨੇ ਤਰਨ ਤਾਰਨ ਵਿੱਚ ਦੂਜਾ ਸਥਾਨ ਹਾਸਲ ਕੀਤਾ, ਜੋ ਉਸ ਦੀ ਪੰਥਕ ਹੋਂਦ ਲਈ ਸਕਾਰਾਤਮਕ ਸੰਕੇਤ ਹੈ ਪਰ ਅਜੇ ਵੀ ਉਹ ਕਮਜ਼ੋਰ ਹਾਲਤ ਵਿੱਚ ਹੈ ਉਸਦਾ ਵੋਟ ਸ਼ੇਅਰ ਪਹਿਲਾਂ ਨਾਲੋਂ ਘਟਿਆ ਹੈ। 2024 ਲੋਕ ਸਭਾ ਵਿੱਚ ਸਿਰਫ਼ ਇੱਕ ਸੀਟ (ਬਠਿੰਡਾ) ਜਿੱਤੀ ਅਤੇ ਵਿਧਾਨ ਸਭਾ ਵਿੱਚ ਸਿਰਫ਼ 3 ਵਿਧਾਇਕ ਜਿਤੇ ਸਨ ਜੋ ਖਖੜੀਆਂ ਕਰੇਲੇ ਹੋ ਚੁੱਕੇ ਹਨ। ਉਹਨਾਂ ਵਿਚੋਂ ਹੁਣ ਇਕ ਨਵੇਂ ਅਕਾਲੀ ਦਲ ਨਾਲ ਹੈ ਅਤੇ ਇਕ ਸਤਾਧਾਰੀ ਆਪ ਵਿਚ ਸ਼ਾਮਿਲ ਹੋ ਚੁੱਕਾ ਹੈ। ਸੁਖਬੀਰ ਬਾਦਲ ਨੇ ਅਕਾਲ ਤਖਤ ਸਾਹਿਬ ਤੋਂ ਮਾਫ਼ੀ ਤਾਂ ਮੰਗੀ ਪਰ ਫਿਰ ਯੂ ਟਰਨ ਕਰ ਗਿਆ। ਜਿਸ ਕਰਕੇ ਪੰਥਕ ਹਲਕਿਆਂ ਵਿਚ ਉਸਦੀ ਸਾਖ ਨੂੰ ਖੋਰਾ ਲੱਗਿਆ। ਭਾਵੇਂ ਉਸਨੇ ਪਾਰਟੀ ਨੂੰ ਪੰਥਕ ਮੁੱਦਿਆਂ ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਅੰਦਰੂਨੀ ਵਿਵਾਦ ਅਤੇ ਰੈਡੀਕਲ ਧਿਰਾਂ ਦਾ ਉਭਾਰ ਚੁਣੌਤੀ ਹੈ।

ਕਾਂਗਰਸ ਨੇ ਤਰਨ ਤਾਰਨ ਵਿੱਚ ਚੌਥਾ ਸਥਾਨ ਹਾਸਲ ਕੀਤਾ ਅਤੇ ਉਸਦੀ ਜ਼ਮਾਨਤ ਵੀ ਜ਼ਬਤ ਹੋਈ ਹੈ। 2024 ਲੋਕ ਸਭਾ ਵਿੱਚ 7 ਸੀਟਾਂ ਜਿੱਤੀਆਂ ਸਨ ਪਰ ਅੰਦਰੂਨੀ ਝਗੜੇ (ਵੜਿੰਗ, ਬਾਜਵਾ, ਰੰਧਾਵਾ, ਚੰਨੀ ਵਰਗੇ ਆਗੂਆਂ ਵਿਚਕਾਰ) ਨੇ ਪਾਰਟੀ ਨੂੰ ਕਮਜ਼ੋਰ ਕੀਤਾ ਹੈ। ਪਾਰਟੀ ਨਵੇਂ ਚਿਹਰੇ ਲਿਆਉਣ ਅਤੇ ਰੀਆਰਗੇਨਾਈਜ਼ੇਸ਼ਨ ਦੀ ਗੱਲ ਕਰ ਰਹੀ ਹੈ ਪਰ ਏਕਤਾ ਦੀ ਘਾਟ ਹੈ। ਬਿਹਾਰ ਚੋਣਾਂ ਵਿਚ ਮਹਾਂ ਗਠ ਬੰਧਨ ਦੀ ਸ਼ਰਮਨਾਕ ਹਾਰ ਨੇ ਕਾਂਗਰਸ ਨੂੰ ਹੋਰ ਰਸਾਤਲ ਵਿਚ ਧੱਕ ਦਿਤਾ ਹੈ।

ਭਾਜਪਾ ਨੂੰ ਪੰਜਾਬ ਵਿੱਚ ਅਜੇ ਵੀ "ਪੰਜਾਬ ਵਿਰੋਧੀ" ਮੰਨਿਆ ਜਾਂਦਾ ਹੈ, ਖਾਸ ਕਰ ਖੇਤੀ ਕਾਨੂੰਨਾਂ ਕਾਰਨ, ਪੰਜਾਬ ਯੂਨੀਵਰਸਿਟੀ ਤੇ ਕਾਬਜ਼ ਹੋਣ ਦੇ ਯਤਨ ਅਤੇ ਪੰਜਾਬ ਪੱਖੀ ਹੋਰ ਮੁੱਦਿਆਂ ਬਾਰੇ ਵਿਰੋਧੀ ਪੈਂਤੜੇ ਕਾਰਨ। ਤਰਨ ਤਾਰਨ ਵਿੱਚ ਪੰਜਵਾਂ ਸਥਾਨ ਮਿਲਿਆ ਅਤੇ ਜ਼ਮਾਨਤ ਜ਼ਬਤ ਹੋਈ। ਭਾਵੇਂ ਵੋਟ ਸ਼ੇਅਰ ਵਧਿਆ ਹੈ ਪਰ ਅਜੇ ਬੇਸ ਨਹੀਂ ਬਣੀ।

ਬਹੁਜਨ ਸਮਾਜ ਪਾਰਟੀ (ਬਸਪਾ) ਦਾ ਪੰਜਾਬ ਵਿਧਾਨ ਸਭਾ ਵਿਚ ਬੇਸ਼ੱਕ ਇਕਲੌਤਾ ਵਿਧਾਇਕ ਹੈ ਪਰ ਉਹ ਪੰਜਾਬ ਦੇ ਮਸਲਿਆਂ ਮੁੱਦਿਆਂ ਤੇ ਬੇਬਾਕ ਹੋਕੇ ਆਵਾਜ਼ ਉਠਾਉਂਦਾ ਹੈ। ਨਵੇਂ ਸਿਰਿਉਂ ਮੁੜ ਨਿਯੁਕਤ ਹੋਏ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿਚ ਬਸਪਾ ਤੇਜ਼ੀ ਨਾਲ ਮੁੜ ਉਭਰ ਰਹੀ ਹੈ। ਇਸ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਖਾਸ ਕਰਕੇ ਦੁਆਬਾ ਖੇਤਰ ਵਿਚ ਬਸਪਾ ਵੱਡੀ ਚੁਣੌਤੀ ਬਣ ਕੇ ਉਭਰ ਸਕਦੀ ਹੈ।

ਉਭਰਦੀਆਂ ਧਿਰਾਂ ਅਤੇ ਪੰਥਕ ਰਾਜਨੀਤੀ ਵਿੱਚ ਬਦਲਾਵ:

ਪੰਥਕ ਰਾਜਨੀਤੀ ਵਿੱਚ ਸਭ ਤੋਂ ਵੱਡਾ ਬਦਲਾਵ ਰੈਡੀਕਲ ਧਿਰਾਂ ਦਾ ਉਭਾਰ ਹੈ। ਅਮ੍ਰਿਤਪਾਲ ਸਿੰਘ (ਖਡੂਰ ਸਾਹਿਬ ਤੋਂ ਲੋਕ ਸਭਾ ਐੱਮ.ਪੀ., ਜੇਲ੍ਹ ਵਿੱਚ) ਅਤੇ ਸਰਬਜੀਤ ਸਿੰਘ ਖਾਲਸਾ (ਫਰੀਦਕੋਟ ਤੋਂ) ਨੇ ਆਜ਼ਾਦ ਜਿੱਤੀਆਂ। ਤਰਨ ਤਾਰਨ ਵਿੱਚ ਅਮ੍ਰਿਤਪਾਲ ਸਮਰਥਿਤ ਆਜ਼ਾਦ ਉਮੀਦਵਾਰ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਵੋਟਾਂ ਵੰਡੀਆਂ। ਅਕਾਲੀ ਦਲ ਵਾਰਿਸ ਪੰਜਾਬ ਦੇ ਵਰਗੀ ਅਲੱਗ ਧਿਰ ਬਣ ਸਕਦੀ ਹੈ। ਗਿਆਨੀ ਹਰਪ੍ਰੀਤ ਸਿੰਘ ਵਰਗੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਨੇ ਵੀ ਅਲੱਗ ਪੰਥਕ ਧਿਰ ਬਣਾਈ ਹੈ। ਗੁਰਦੀਪ ਸਿੰਘ ਬਠਿੰਡਾ ਦੇ ਯੂਨਾਈਟਿਡ ਅਕਾਲੀ ਦਲ ਵੱਖਰਾ ਧੜਾ ਹੈ। ਅਜਿਹੀਆਂ ਪੰਥਕ ਧਿਰਾਂ ਅਕਾਲੀ ਦਲ (ਬਾਦਲ) ਦੇ ਵੋਟਾਂ ਨੂੰ ਵੰਡ ਸਕਦੀਆਂ ਹਨ ਅਤੇ ਪੰਜਾਬ ਦੀ ਰਾਜਨੀਤੀ ਨੂੰ ਅਸਥਿਰ ਕਰ ਸਕਦੀਆਂ ਹਨ।

2027 ਲਈ ਸੰਭਾਵਿਤ ਸੀਨੇਰੀਓ

ਹੰਗ ਅਸੈਂਬਲੀ ਜਾਂ ਕੋਲੀਸ਼ਨ ਸਰਕਾਰ: ਆਪ ਕੋਲ 93 ਵਿਧਾਇਕ ਹਨ ਪਰ ਐਂਟੀ-ਇੰਕੰਬੈਂਸੀ ਕਾਰਨ ਉਹ ਬਹੁਮਤ ਨਾ ਲਿਆ ਸਕੇ। ਕਾਂਗਰਸ ਮੁੜ ਉਭਰ ਸਕਦੀ ਹੈ ਜੇ ਏਕਤਾ ਬਣਾਏ ਰੱਖੇ ਜਿਸਦੀ ਬਹੁਤ ਘਟ ਸੰਭਾਵਨਾ ਹੈ। ਅਕਾਲੀ ਦਲ ਪੰਥਕ ਵੋਟਾਂ ਵਾਪਸ ਲੈ ਸਕਦਾ ਹੈ ਪਰ ਰੈਡੀਕਲ ਧਿਰਾਂ ਵੋਟਾਂ ਵੰਡਣਗੀਆਂ। ਭਾਜਪਾ ਅਰਬਨ ਅਤੇ ਹਿੰਦੂ ਵੋਟਾਂ ਤੇ ਫੋਕਸ ਕਰੇਗੀ ਆਪ ਤੇ ਕਾਂਗਰਸ ਦਾ ਆਧਾਰ ਵੀ ਹਿੰਦੂ ਵੋਟ ਹੈ ਇਸ ਲਈ ਵੱਡੀ ਜਿੱਤ ਔਖੀ ਹੈ। ਨਤੀਜਾ ਹੰਗ ਅਸੰਬਲੀ ਹੋ ਸਕਦਾ ਹੈ। ਆਪ-ਕਾਂਗਰਸ ਜਾਂ ਅਕਾਲੀ-ਭਾਜਪਾ ਵਰਗੀ ਕੋਲੀਸ਼ਨ ਬਣ ਸਕਦੀ ਹੈ ਪਰ ਪਹਿਲਾਂ ਵਰਗਾ ਨਤੀਜਾ ਆਉਣ ਦੀ ਸੰਭਾਵਨਾ ਨਹੀਂ।

ਆਪ ਦੀ ਵਾਪਸੀ ਜਾਂ ਗਿਰਾਵਟ: ਜੇ ਭਗਵੰਤ ਮਾਨ ਨੇ ਨਸ਼ੇ, ਬੇਰੁਜ਼ਗਾਰੀ, ਖੇਤੀ ਮੁੱਦੇ ਹੱਲ ਕੀਤੇ ਤਾਂ ਵਾਪਸੀ ਸੰਭਵ ਹੈ। ਪਰ ਕਰਜ਼ਾ ਅਤੇ ਗਵਰਨੈਂਸ ਫੇਲਿਓਰ ਕਾਰਨ ਗਿਰਾਵਟ ਵੀ ਹੋ ਸਕਦੀ ਹੈ।

ਕਾਂਗਰਸ ਦਾ ਮੁੜ ਉਥਾਨ: ਜੇ ਨਵੇਂ ਚਿਹਰੇ ਅਤੇ ਏਕਤਾ ਆਈ ਤਾਂ ਮੁੱਖ ਵਿਰੋਧੀ ਧਿਰ ਤੋਂ ਸੱਤਾ ਵਿੱਚ ਆ ਸਕਦੀ ਹੈ।

ਅਕਾਲੀ ਦਲ ਦੀ ਵਾਪਸੀ ਜਾਂ ਹੋਰ ਮਾਰਜਿਨਲਾਈਜ਼ੇਸ਼ਨ: ਪੰਥਕ ਮੁੱਦੇ ਤੇ ਫੋਕਸ ਕੀਤਾ ਤਾਂ ਮਜ਼ਬੂਤ ਹੋ ਸਕਦਾ ਹੈ ਪਰ ਰੈਡੀਕਲ ਧਿਰਾਂ ਅਤੇ ਅੰਦਰੂਨੀ ਵਿਵਾਦ ਰੁਕਾਵਟ ਹਨ।

ਨਵੀਂ ਪੰਥਕ ਧਿਰ ਦਾ ਅਸਰ: ਅਮ੍ਰਿਤਪਾਲ ਸਿੰਘ, ਗਿਆਨੀ ਹਰਪ੍ਰੀਤ ਸਿੰਘ ਤੇ ਗੁਰਦੀਪ ਸਿੰਘ ਬਠਿੰਡਾ ਵਰਗੇ ਆਗੂ ਕਿੰਗਮੇਕਰ ਬਣ ਸਕਦੇ ਹਨ ਪਰ ਪੰਥਕ ਵੋਟ ਖਿੰਡਰਨ ਕਰਕੇ ਅਸਥਿਰਤਾ ਵੀ ਵਧ ਸਕਦੀ ਹੈ। ਜਾਪਦਾ ਹੈ 2027 ਵਿੱਚ ਪੰਜਾਬ ਵਿੱਚ ਚਾਰ ਪੰਜ-ਕੋਨਾ ਮੁਕਾਬਲਾ ਹੋਵੇਗਾ ਅਤੇ ਹੋ ਸਕਦਾ ਹੈ ਕਿਸੇ ਇੱਕ ਧਿਰ ਨੂੰ ਸਪੱਸ਼ਟ ਬਹੁਮਤ ਨਾ ਮਿਲੇ। ਆਪ ਅਜੇ ਫ਼ਾਇਦੇ ਵਿੱਚ ਦਿਸਦੀ ਹੈ ਪਰ ਐਂਟੀ-ਇੰਕੰਬੈਂਸੀ ਅਤੇ ਗਵਰਨੈਂਸ ਫੇਲਿਓਰ ਵੱਡੀ ਚੁਣੌਤੀ ਹੈ। ਕਾਂਗਰਸ ਅਤੇ ਅਕਾਲੀ ਦਲ ਨੂੰ ਆਪਣੀਆਂ ਕਮਜ਼ੋਰੀਆਂ ਦੂਰ ਕਰਨੀਆਂ ਪੈਣਗੀਆਂ। ਨਵੀਂ ਰੈਡੀਕਲ ਪੰਥਕ ਧਿਰ ਪੰਜਾਬ ਨੂੰ ਨਵਾਂ ਮੋੜ ਦੇ ਸਕਦੀ ਹੈ ਪਰ ਇਹ ਅਸਥਿਰਤਾ ਵੀ ਵਧਾ ਸਕਦੀ ਹੈ।

ਅਜਿਹੀਆਂ ਪ੍ਰਸਥਿਤੀਆਂ ਵਿਚ ਬਹੁਜਨ ਸਮਾਜ ਪਾਰਟੀ ਵੀ ਫੈਸਲਾਕੁਨ ਹਾਲਾਤ ਪੈਦਾ ਕਰ ਸਕਦੀ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਲੋਕਾਂ ਦੇ ਭਖਦੇ ਮੁੱਦੇ - ਖੇਤੀ, ਨਸ਼ੇ, ਬੇਰੁਜ਼ਗਾਰੀ ਅਤੇ ਪੰਜਾਬੀਅਤ ਫ਼ੈਸਲਾ ਕਰਨਗੇ ਕਿ ਪੰਜਾਬ ਦਾ ਭਵਿੱਖ ਕਿਹੜੀ ਧਿਰ ਦੇ ਹੱਥਾਂ ਵਿੱਚ ਜਾਵੇਗਾ। ਇਹ ਚੋਣਾਂ ਪੰਜਾਬ ਨੂੰ ਨਵੀਂ ਦਿਸ਼ਾ ਦੇਣ ਵਾਲੀਆਂ ਹੋਣਗੀਆਂ। ਕਿਹੜੀ ਧਿਰ ਪੰਜਾਬ ਦੇ ਰਾਜਨੀਤਕ ਖ਼ਲਾਅ ਨੂੰ ਭਰੇਗੀ? ਇਸ ਦਾ ਜੁਆਬ ਅਜੇ ਭਵਿੱਖ ਦੇ ਗਰਭ ਵਿੱਚ ਪਿਆ ਹੈ।

ਲਾਲ ਸਿੰਘ ਸੁਲਹਾਣੀ
9872155120

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਲੋੜਵੰਦਾਂ ਨੂੰ ਚੈੱਕ ਵੰਡੇ ਗਏ

ਪਿੰਡ ਭੁੰਦੜ ਵਿਖੇ ਲੱਗੇਗਾ ਵਿਸ਼ਾਲ ਮੈਡੀਕਲ ਕੈਂਪ- ਪ੍ਰੋ. ਜੇ.ਐਸ. ਬਰਾੜ

ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਡਾਇਰੈਕਟਰ ਸਿਹਤ ਸੇਵਾਵਾਂ, ਡਾ. ਆਰ.ਐਸ. ਅਟਵਾਲ, ਡਾ. ਦਲਜੀਤ ਸਿੰਘ ਗਿੱਲ ਅਤੇ ਸ੍ਰੀਮਤੀ ਇੰਦਰਜੀਤ ਕੌਰ ਗਿੱਲ ਡਾਇਰੈਕਟਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਚੈੱਕ ਵੰਡੇ ਗਏ। ਜਾਣਕਾਰੀ ਦਿੰਦੇ ਹੋਏ ਜਿਲ੍ਹਾ ਪ੍ਰਧਾਨ ਪ੍ਰੋ. ਜੇ.ਐਸ. ਬਰਾੜ ਨੇ ਦੱਸਿਆ ਕਿ ਅੱਜ ਬਠਿੰਡਾ ਜਿਲ੍ਹਾ ਵਿਚ ਟਰੱਸਟ ਵੱਲੋਂ ਲਗਭਗ 268 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਚੈੱਕ ਵੰਡੇ ਗਏ ਅਤੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹੇ ਵਿਚ 8 ਤੋਂ ਵੱਧ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ ਦਿਉਣ, ਤਲਵੰਡੀ ਸਾਬੋ, ਮੌੜ ਮੰਡੀ, ਚਾਉਕੇ, ਮੰਡੀ ਕਲਾਂ, ਮਹਿਰਾਜ, ਬਾਲਿਆਂਵਾਲਾ ਅਤੇ ਮੱਲਵਾਲਾ ਕੰਮ ਕਰ ਰਹੇ ਹਨ। ਇਹ ਲੈਬੋਰੇਟਰੀਆਂ ਵਿਚ ਸਾਰੇ ਟੈਸਟ ਮਾਰਕਿਟ ਰੇਟਾਂ ਤੋਂ 5ਵਾਂ ਤੋਂ 10ਵਾਂ ਹਿੱਸਾ ਰੇਟ ਤੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਈ.ਸੀ.ਜੀ. ਸਿਰਫ 20 ਰੁ. ਵਿਚ ਹੁੰਦੀ ਹੈ ਅਤੇ ਟਰੱਸਟ ਵੱਲੋਂ ਲਗਾਤਾਰ ਮੈਡੀਕਲ ਕੈਂਪਾ ਅਤੇ ਸਰਕਾਰੀ ਸਕੂਲਾਂ ਵਿਚ ਫ੍ਰੀ ਬਲੱਡ ਗਰੁੱਪ ਲਗਾਤਾਰ ਜਾਰੀ ਹਨ। ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿਚ ਜਿਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ, ਆਰ.ਓ ਦਾਨ ਵਜੋਂ ਦਿੱਤੇ ਜਾ ਰਹੇ ਹਨ। ਲੋੜਵੰਦ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਫੀਸ ਵੀ ਟਰੱਸਟ ਵਲੋਂ ਭਰੀ ਜਾ ਰਹੀ ਹੈ। ਲੋੜਵੰਦਾਂ ਨੂੰ ਮਕਾਨ ਵੀ ਬਣਾ ਕੇ ਦਿੱਤੇ ਜਾ ਰਹੇ ਹਨ। ਟਰੱਸਟ ਵੱਲੋਂ 16 ਨਵੰਬਰ ਨੂੰ ਪਿੰਡ ਭੁੰਦੜ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ ਜਿੱਥੇ ਮਰੀਜ਼ਾਂ ਨੂੰ ਮੈਡੀਕਲ ਸਲਾਹ ਤੋਂ ਇਲਾਵਾ ਸਾਰੀਆਂ ਟਰੱਸਟ ਵੱਲੋਂ ਦਿੱਤੀਆਂ ਜਾਣਗੀਆਂ ਅਪੈਕਸ ਹਸਪਤਾਲ ਰਾਮਪੁਰਾ ਦੇ ਮਾਹਿਰ ਡਾਕਟਰਾਂ ਦੀ ਟੀਮ ਮਰੀਜ਼ਾਂ ਦਾ ਚੈਕਅਪ ਕਰੇਗੀ। ਸਿਪਲਾ ਵੱਲੋਂ ਮਰੀਜ਼ਾਂ ਦਾ ਫੇਫੜਿਆਂ ਦੀ ਜਾਂਚ ਦਾ ਟੈਸਟ ਮੁਫ਼ਤ ਕੀਤਾ ਜਾ ਰਿਹਾ ਹੈ। ਇਸ ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਅਤੇ ਮੈਂਬਰ ਗੁਰਲਾਲ ਸਿੰਘ, ਬਲਵਿੰਦਰ ਸਿੰਘ, ਮੈਨੇਜ਼ਰ ਗੁਰਤੇਜ ਸਿੰਘ ਸਿੱਧੂ, ਬਲਵੀਰ ਸਿੰਘ, ਰਿਟਾਇਰਡ ਚੀਫ਼ ਮੈਨੇਜ਼ਰ ਸੁਰਜੀਤ ਸਿੰਘ ਅਤੇ ਪ੍ਰਿੰ. ਵਿਮਲਾ ਸ਼ਰਮਾਂ ਹਾਜ਼ਰ ਸਨ।

ਤੇਗ ਤੇ ਕਲਮ ਦੇ ਧਨੀ: ਸ਼ਹੀਦ ਬਾਬਾ ਦੀਪ ਸਿੰਘ ਜੀ

ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਬਾਬਾ ਦੀਪ ਸਿੰਘ ਦਾ ਜਨਮ 1739 ਬਿਕਰਮੀ ਨੂੰ ਪਿੰਡ ਪਹੁਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ। ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ। ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੁੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਵਿੱਚ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ

ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਸਵਾ ਮਣ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਉਸ ਅਸਥਾਨ 'ਤੇ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸ਼ੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਓਹਨਾ ਆਪਣਾ ਪਾਵਨ ਸੀਸ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ।ਪਰਕਰਮਾਂ ਵਿਚ ਲਹਿੰਦੇ ਪਾਸੇ ਇਸ ਸਥਾਨ ਦੇ ਸਾਹਮਣੇ ਗੁਰਦੁਆਰਾ ਸੁਸ਼ੋਬਿਤ ਹੈ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ। ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਂਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।ਚਾਟੀਵਿੰਡ ਗੇਟ ਦੇ ਨਾਲ ਬਾਬਾ ਦੀਪ ਸਿੰਘ ਜੀ ਦਾ ਸਸਕਾਰ ਜਿੱਥੇ ਕੀਤਾ ਗਿਆ ,ਉੱਥੇ ਉਨ੍ਹਾਂ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸੁਸ਼ੋਬਿਤ ਹੈ । ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।

ਡਾ.ਚਰਨਜੀਤ ਸਿੰਘ ਗੁਮਟਾਲਾ
001 9375739812 (ਯੂ ਐਸ ਏ)
919417533060 (ਵਟਸ ਐਪ)
gumtalacs@gmial.com

"ਸ਼ਹੀਦ ਭਗਤ ਸਿੰਘ: ਪੜ੍ਹਨ ਦਾ ਜਨੂੰਨ, ਦੇਸ਼ ਲਈ ਕੁਰਬਾਨੀ"

